Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 348, 03 ਅਪ੍ਰੈਲ ਤੋਂ 9 ਅਪ੍ਰੈਲ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਈਰਾਨ ਜੰਗ 'ਚ ਵਿਚੋਲਗੀ ਲਈ ਪਾਕਿਸਤਾਨ ਨੇ ਟਰੰਪ ਨੂੰ ਕਿਵੇਂ ਮਨਾਇਆ ?



ਮੱਧ-ਪੂਰਬ 'ਚ ਜਾਰੀ ਸੰਘਰਸ਼ 'ਚ ਪਾਕਿਸਤਾਨ ਦੀ ਵਿਚੋਲੇ ਵੱਜੋਂ ਭੂਮਿਕਾ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪਰ ਸ਼ਾਇਦ ਇਹ ਇੰਨਾ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ। ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੱਖ @ਚ ਰਹੇ ਹਨ। ਅਮਰੀਕੀ ਰਾਸ਼ਟਰਪਤੀ ਵੀ ਅਕਸਰ ਉਨ੍ਹਾਂ ਨੂੰ ਆਪਣਾ ਪਸੰਦੀਦਾ ਫੀਲਡ ਮਾਰਸ਼ਲ ਕਹਿੰਦੇ ਹਨ ਅਤੇ ਪਿਛਲੇ ਦਿਨੀਂ ਉਨ੍ਹਾਂ ਕਿਹਾ ਸੀ ਕਿ ਮੁਨੀਰ ਈਰਾਨ ਨੂੰ ਬਾਕੀਆਂ ਦੇ ਮੁਕਾਬਲੇ ਬਿਹਤਰ ਜਾਣਦੇ ਹਨ।

ਈਰਾਨ, ਸਿਰਫ਼ ਪਾਕਿਸਤਾਨ ਦਾ ਗੁਆਂਢੀ ਹੀ ਨਹੀਂ, ਜਿਸ ਦੀ ਕਰੀਬ 900 ਕਿਲੋਮੀਟਰ ਲੰਬੀ ਸਰਹੱਦ ਲੱਗਦੀ ਹੈ ਸਗੋਂ ਇਸਦੇ ਆਪਣੇ ਬਿਆਨਾਂ ਮੁਤਾਬਕ ਈਰਾਨ ਨਾਲ ਭਰਾਵਾਂ ਵਾਲਾ ਰਿਸ਼ਤਾ ਵੀ ਹੈ, ਜੋ ਡੂੰਘੇ ਸੱਭਿਆਚਾਰਕ ਅਤੇ ਧਾਰਮਿਕ ਰਿਵਾਜ਼ਾਂ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਇੱਥੇ ਅਮਰੀਕਾ ਦੇ ਕੋਈ ਏਅਰਬੇਸ ਵੀ ਨਹੀਂ ਹਨ। ਅਤੇ ਖਾੜੀ ਦੇ ਹੋਰਨਾਂ ਰਵਾਇਤੀ ਵਿਚੋਲਿਆਂ ਵਾਂਗ ਇਹ ਅਜੇ ਤੱਕ ਜੰਗ 'ਚ ਸਿੱਧੇ ਤੌਰ 'ਤੇ ਨਹੀਂ ਫਸਿਆ।ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪਾਕਿਸਤਾਨ ਖੁਦ ਅੱਗੇ ਵੱਧ ਕੇ ਹਿੱਸਾ ਲੈਣ ਲਈ ਤਿਆਰ ਹੈ — ਕਈਆਂ ਮੁਤਾਬਕ ਅਮਰੀਕਾ ਅਤੇ ਈਰਾਨ ਵਿਚਾਲੇ ਅਮਨ ਹੋਣਾ ਪਾਕਿਸਤਾਨ ਦੇ ਆਪਣੇ ਹਿੱਤ @ਚ ਹੈ। ਫਿਰ ਵੀ, ਕੁਝ ਸਵਾਲ ਉੱਠੇ ਹਨ ਕਿ ਇੱਕ ਅਜਿਹਾ ਮੁਲਕ, ਜੋ ਆਪਣੇ ਦੋ ਗੁਆਂਢੀਆਂ, ਅਫ਼ਗਾਨਿਸਤਾਨ ਅਤੇ ਭਾਰਤ ਨਾਲ ਟਕਰਾਅ 'ਚ ਉਲਝਿਆ ਰਹਿੰਦਾ, ਉਸਨੇ ਆਪਣੇ ਆਪ ਨੂੰ ਅਮਨ ਲਿਆਉਣ ਵਾਲੇ ਮੁਲਕ ਵਜੋਂ ਕਿਵੇਂ ਪੇਸ਼ ਕੀਤਾ। ਪਾਕਿਸਤਾਨ ਇਸ ਵੇਲੇ ਅਫ਼ਗਾਨਿਸਤਾਨ 'ਚ ਬੰਬਾਰੀ ਕਰ ਰਿਹਾ ਹੈ ਅਤੇ ਭਾਰਤ ਨਾਲ ਤਣਾਅ ਪਿਛਲੇ ਸਾਲ ਹੀ ਪਰਮਾਣੂ ਟਕਰਾਅ ਦੇ ਡਰ ਤੱਕ ਪਹੁੰਚ ਗਿਆ ਸੀ।

ਪਾਕਿਸਤਾਨ ਹੁਣ ਤੱਕ ਈਰਾਨ ਅਤੇ ਅਮਰੀਕਾ ਦਰਮਿਆਨ ਇੱਕ-ਦੂਜੇ ਦੇ ਸੁਨੇਹੇ ਭੇਜ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ, ਹੋਰ ਮੁਸਲਿਮ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੇਜ਼ਬਾਨੀ ਕਰ ਰਿਹਾ ਹੈ ਅਤੇ ਕੂਟਨੀਤਿਕ ਟੈਲੀਫੋਨ ਖੜਕਾ ਰਿਹਾ ਹੈ। ਪਰ ਸੰਤੁਲਨ ਕਾਇਮ ਰੱਖਣ ਦਾ ਇਹ ਕੰਮ ਖ਼ਤਰੇ ਤੋਂ ਖਾਲੀ ਨਹੀਂ ਹੈ।

**ਗਵਾਉਣ ਨੂੰ ਬਹੁਤ ਕੁਝ**

ਪਾਕਿਸਤਾਨ ਤੇਲ ਆਯਾਤ 'ਤੇ ਬਹੁਤ ਹੱਦ ਤੱਕ ਨਿਰਭਰ ਕਰਦਾ ਹੈ ਅਤੇ ਇਸਦਾ ਜ਼ਿਆਦਾਤਰ ਹਿੱਸਾ ਸਟ੍ਰੇਟ ਆਫ ਹੋਰਮੂਜ਼ ਤੋਂ ਆਉਂਦਾ ਹੈ। ਐਟਲਾਂਟਿਕ ਕਾਊਂਸਲ ਦੇ ਸਾਊਥ ਏਸ਼ੀਆ ਦੇ ਸੀਨੀਅਰ ਫੇਲੋਅ ਮਾਈਕਲ ਕੁਗੇਲਮਾਨ ਨੇ ਬੀਬੀਸੀ ਨੂੰ ਕਿਹਾ, ਮੇਰੇ ਮੁਤਾਬਿਕ, ਮੱਧ-ਪੂਰਬ ਤੋਂ ਬਾਹਰਲੇ ਹੋਰਨਾਂ ਮੁਲਕਾਂ ਦੇ ਮੁਕਾਬਲੇ ਪਾਕਿਸਤਾਨ ਦਾ ਇੱਥੇ ਕਾਫੀ ਕੁਝ ਦਾਅ 'ਤੇ ਲੱਗਾ ਹੋਇਆ।ਤਣਾਅ ਘਟਾਉਣ 'ਚ ਯੋਗਦਾਨ ਪਾਉਣ 'ਚ ਦਿਲਚਸਪੀ ਲਈ ਪਾਕਿਸਤਾਨ ਕੋਲ ਮਜਬੂਤ ਕਾਰਨ ਹਨ। ਪਾਕਿਸਤਾਨ ਸਰਕਾਰ ਨੇ ਮਾਰਚ ਦੀ ਸ਼ੁਰੂਆਤ @ਚ ਹੀ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 20 ਫੀਸਦ ਵਧਾ ਦਿੱਤੀਆਂ ਅਤੇ ਬਾਲਣ ਬਚਾਉਣ ਲਈ ਸਰਕਾਰੀ ਮੁਲਾਜ਼ਮਾਂ ਲਈ ਕੰਮਕਾਜ ਦੇ ਚਾਰ ਦਿਨ ਲਾਜ਼ਮੀ ਕਰਨ ਤੋਂ ਇਲਾਵਾ ਕਈ ਕਦਮ ਚੁੱਕੇ ਹਨ। ਕਰਾਚੀ ਦੇ ਇੰਸਟੀਚਿਊਟ ਆਫ ਬਿਜ਼ਨੈੱਸ ਐਡਮਿਨਿਸਟ੍ਰੇਸ਼ਨ ਦੇ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਫਰਹਾਨ ਸਿੱਦੀਕੀ ਕਹਿੰਦੇ ਹਨ, ਜੇਕਰ ਜੰਗ ਜਾਰੀ ਰਹੀ ਤਾਂ ਪਾਕਿਸਤਾਨ ਦੇ ਅਰਥਚਾਰੇ 'ਤੇ ਤੇਜ਼ੀ ਨਾਲ ਦਬਾਅ ਵਧੇਗਾ ਤਣਾਅ ਵਧਣ ਦੇ ਕੀ ਨਤੀਜੇ ਹੋ ਸਕਦੇ ਹਨ, ਇਸ ਨੂੰ ਲੈਕੇ ਵੀ ਡਰ ਦਾ ਮਾਹੌਲ ਹੈ। ਪਿਛਲੇ ਸਾਲ ਸਤੰਬਰ ਮਹੀਨੇ, ਪਾਕਿਸਤਾਨ ਨੇ ਸਾਊਦੀ ਅਰਬ ਨਾਲ ਇੱਕ ਰੱਖਿਆ ਸਮਝੌਤਾ ਕੀਤਾ ਸੀ, ਜਿਸ ਤਹਿਤ ਕਿਸੇ ਇੱਕ ਮੁਲਕ 'ਤੇ ਹਮਲਾ, ਦੋਹਾਂ ਮੁਲਕਾਂ 'ਤੇ ਹਮਲਾ ਮੰਨਿਆ ਜਾਵੇਗਾ।

ਇਸਨੂੰ ਲੈਕੇ ਵੀ ਸਵਾਲ ਉੱਠ ਰਹੇ ਹਨ ਕਿ ਜੇਕਰ ਸਾਊਦੀ ਅਰਬ ਇਸ ਜੰਗ 'ਚ ਸ਼ਾਮਿਲ ਹੋ ਜਾਂਦਾ ਹੈ ਅਤੇ ਇਸ ਸਮਝੌਤੇ ਨੂੰ ਲਾਗੂ ਕਰਦਾ ਹੈ ਤਾਂ ਪਾਕਿਸਤਾਨ ਕੀ ਕਰੇਗਾ। ਫਰਹਾਨ ਸਿੱਦੀਕੀ ਕਹਿੰਦੇ ਹਨ, ਸਾਡੇ ਲਈ ਸਮੱਸਿਆ ਇਹ ਹੈ ਕਿ ਜੇ ਸਾਨੂੰ ਸਾਊਦੀ ਪੱਖ ਤੋਂ ਜੰਗ 'ਚ ਸ਼ਾਮਿਲ ਹੋਣ ਲਈ ਕਿਹਾ ਗਿਆ ਤਾਂ ਸਾਡੀ ਪੂਰੀ ਪੱਛਮੀ ਸਰਹੱਦ ਕਾਫ਼ੀ ਹੱਦ ਤੱਕ ਅਸੁਰੱਖਿਅਤ ਹੋ ਜਾਵੇਗੀ।÷

ਪਾਕਿਸਤਾਨ ਪਹਿਲਾਂ ਹੀ ਅਫ਼ਗਾਨਿਸਤਾਨ ਨਾਲ ਪੂਰੀ ਤਰ੍ਹਾਂ ਜੰਗ ਵਾਲੀ ਸਥਿਤੀ 'ਚ ਹੈ। ਪਾਕਿਸਤਾਨ, ਅਫ਼ਗਾਨ ਤਾਲਿਬਾਨ 'ਤੇ ਇਲਜ਼ਾਮ ਲਗਾਉਂਦਾ ਹੈ ਕਿ ਉਹ ਉਸ ਦੀਆਂ ਸਰਹੱਦਾਂ ਅੰਦਰ ਅੱਤਵਾਦੀ ਸੰਗਠਨਾਂ ਨੂੰ ਪਨਾਹ ਦੇ ਰਿਹਾ ਹਾਲਾਂਕਿ ਤਾਲਿਬਾਨ ਸਰਕਾਰ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਦੀ ਹੈ।ਜਦੋਂ ਆਪਣੇ ਸੰਘਰਸ਼ਾਂ ਦੇ ਬਾਵਜੂਦ ਪਾਕਿਸਤਾਨ ਨੂੰ ਉਸਦੀ ਵਿਰੋਧਾਭਾਸੀ ਕੂਟਨੀਤਕ ਸਥਿਤੀ ਬਾਰੇ ਸਵਾਲ ਹੋਇਆ ਤਾਂ ਪਾਕਿਸਤਾਨ ਦਾ ਜਵਾਬ ਸੀ ਕਿ ਉਸ ਵੱਲੋਂ ਸਾਲਾਂ ਤੋਂ ਗੱਲਬਾਤ ਦੀ ਕੋਸ਼ਿਸ਼ ਕੀਤੀ ਗਈ ਪਰ ਉਸਨੂੰ ਲੋੜੀਂਦੀ ਸੁਰੱਖਿਆ ਨਹੀਂ ਮਿਲੀ। ਪਰ ਸਿੱਦੀਕੀ ਇਹ ਵੀ ਕਹਿੰਦੇ ਹਨ ਕਿ ਇੱਕ ਹੋਰ ਮੋਰਚਾ ਖੁੱਲ੍ਹਣ ਨਾਲ ਪਾਕਿਸਤਾਨ ਦੇ ਇਸ ਜੰਗ @ਚ ਘੜੀਸੇ ਜਾਣਾ ਹੀ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਘਰੇਲੂ ਸਾਖ ਵੀ ਦਾਅ 'ਤੇ ਹੈ।

ਅਮਰੀਕਾ-ਇਜ਼ਰਾਇਲ ਹਵਾਈ ਹਮਲੇ 'ਚ ਈਰਾਨ ਦੇ ਸੁਪਰੀਮ ਲੀਡਰ ਦੀ ਮੌਤ ਤੋਂ ਬਾਅਦ ਈਰਾਨ ਹਮਾਇਤੀ ਪਾਕਿਸਤਾਨ ਦੀਆਂ ਸੜਕਾਂ @ਤੇ ਉਤਰ ਆਏ ਸਨ ਅਤੇ ਕਰਾਚੀ 'ਚ ਅਮਰੀਕੀ ਕੌਂਸਲੇਟ 'ਤੇ ਹਮਲੇ ਦੀ ਕੋਸ਼ਿਸ਼ 'ਚ ਕਈ ਮਾਰੇ ਵੀ ਗਏ ਸਨ। ਅਮਰੀਕਾ, ਯੂਕੇ ਅਤੇ ਸੰਯੁਕਤ ਰਾਸ਼ਟਰ @ਚ ਪਾਕਿਸਤਾਨੀ ਸਫੀਰ ਰਹਿ ਚੁੱਕੇ ਮਾਲੀਹਾ ਲੋਧੀ ਕਹਿੰਦੇ ਹਨ, ਪਾਕਿਸਤਾਨ 'ਚ ਜ਼ਿਆਦਾਤਰ ਲੋਕ-ਭਾਵਨਾ ਈਰਾਨ-ਪੱਖੀ ਹੈ। ਮੈਨੂੰ ਯਕੀਨ ਹੈ ਕਿ ਪਾਕਿਸਤਾਨ ਦੇ ਨੀਤੀਘਾੜੇ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਫ਼ ਹਨ।÷

**ਕੁਝ ਹਾਸਲ ਵੀ ਹੋ ਸਕਦਾ**

ਫਿਰ ਪਾਕਿਸਤਾਨ ਦੇ ਵਿਸ਼ਵ ਪੱਧਰੀ ਅਕਸ ਦਾ ਵੀ ਮਸਲਾ ਹੈ। ਮਾਈਕਲ ਕੁਗੇਲਮਾਨ ਕਹਿੰਦੇ ਹਨ, ਪਾਕਿਸਤਾਨ ਉਨ੍ਹਾਂ ਨੁਕਤਾਚੀਨੀਆਂ ਨੂੰ ਲੈਕੇ ਬਹੁਤ ਸੰਜੀਦਾ ਹੈ, ਜਿਨ੍ਹਾਂ 'ਚ ਇਹ ਕਿਹਾ ਜਾਂਦਾ ਕਿ ਕੌਮਾਂਤਰੀ ਪੱਧਰ 'ਤੇ ਉਸਦਾ ਕੋਈ ਬਹੁਤਾ ਪ੍ਰਭਾਵ ਨਹੀਂ ਹੈ।ਉਹ ਕਹਿੰਦੇ ਹਨ, ਮੇਰੇ ਖਿਆਲ 'ਚ ਖੁਦ ਨੂੰ ਵਿਚੋਲੇ ਵੱਜੋਂ ਪੇਸ਼ ਕਰਨ 'ਚ ਇਹ ਮੁੱਖ ਵਜ੍ਹਾ ਨਹੀਂ ਹੋ ਸਕਦੀ ਪਰ ਕੁਝ ਹੱਦ ਤੱਕ ਇਸ ਦਾ ਪ੍ਰਭਾਵ ਜ਼ਰੂਰ ਹੋ ਸਕਦਾ ਹੈ।ਲੋਧੀ ਅੱਗੇ ਹੋਰ ਜੋੜਦੇ ਹੋਏ ਕਹਿੰਦੇ ਹਨ, ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਬਹੁਤ ਜ਼ੋਖਮ ਭਰੀ ਕੂਟਨੀਤੀ ਹੈ। ਇਸ @ਚ ਖ਼ਤਰਾ ਵੀ ਬਹੁਤ ਹੈ ਅਤੇ ਮੁਨਾਫਾ ਵੀ। ਜੇਕਰ ਕਾਮਯਾਬੀ ਮਿਲਦੀ ਹੈ ਤਾਂ ਬੇਸ਼ੱਕ ਕੌਮਾਂਤਰੀ ਕੂਟਨੀਤੀ ਗੇਮ @ਚ ਇਹ ਪਾਕਸਿਤਾਨ ਨੂੰ ਸਿਖਰ @ਤੇ ਪਹੁੰਚਾ ਦੇਵੇਗੀ। ਪਰ ਜੇਕਰ ਕਾਮਯਾਬੀ ਨਹੀਂ ਮਿਲੀ ਤਾਂ ? ਲੋਧੀ ਮੁਤਾਬਕ ਨੁਕਸਾਨ ਇੰਨਾ ਜ਼ਿਆਦਾ ਵੀ ਨਹੀਂ ਹੋਵੇਗਾ।

ਉਹ ਕਹਿੰਦੇ ਹਨ, ÷ਬਾਵਜੂਦ ਇਸਦੇ ਪਾਕਿਸਤਾਨ ਨੂੰ ਇੱਕ ਅਜਿਹੇ ਮੁਲਕ ਵੱਜੋਂ ਦੇਖਿਆ ਜਾਵੇਗਾ ਜਿਸ ਨੇ ਚੰਗੀ ਨੀਅਤ ਨਾਲ ਕੋਸ਼ਿਸ਼ ਕੀਤੀ ਅਤੇ ਜੇਕਰ ਕਾਮਯਾਬੀ ਨਹੀਂ ਮਿਲਦੀ ਤਾਂ ਇਹ ਪਾਕਿਸਤਾਨ ਦੀ ਕਾਬਲੀਅਤ ਦੀ ਘਾਟ ਕਰਕੇ ਨਹੀਂ ਬਲਕਿ ਇਸ ਕਰਕੇ ਹੋਵੇਗਾ ਕਿਉਂਕਿ ਤੁਸੀਂ ਅਜਿਹੇ ਸ਼ਖਸ ਨਾਲ ਡੀਲ ਕਰ ਰਹੇ ਹੋ ਜੋ ਸੰਜੀਦਾ ਅਤੇ ਪੂਰੀ ਤਰ੍ਹਾਂ ਬੇਭਰੋਸੇਯੋਗ ਨਹੀਂ ਹੈ। ਹਾਲਾਂਕਿ ਕੁਗੇਲਮਾਨ ਦਾ ਮੰਨਣਾ ਹੈ ਕਿ ਜੇਕਰ ਗੱਲਬਾਤ ਦੀਆਂ ਤਮਾਮ ਚਰਚਾਵਾਂ ਦੇ ਬਾਵਜੂਦ ਦੋਵੇਂ ਧਿਰਾਂ ਹੋਰ ਮਜਬੂਤੀ ਨਾਲ ਟਕਰਾਅ ਵੱਲ ਵਧੀਆਂ ਤਾਂ ਵਿਰੋਧ ਵੀ ਝੱਲਣਾ ਪੈ ਸਕਦਾ ਹੈ। ਉਹ ਕਹਿੰਦੇ ਹਨ ਕਿ ਅਜਿਹੀ ਸਥਿਤੀ 'ਚ, ਪਾਕਿਸਤਾਨ ਤੇ ਇਹ ਇਲਜ਼ਾਮ ਲੱਗ ਸਕਦੇ ਹਨ ਕਿ ਉਹ ਗੈਰ-ਤਜ਼ਰਬੇਕਾਰ ਹੈ।ਅਤੇ ਇਹ ਕਿਉਸਨੂੰ ਗੱਲਬਾਤ ਦੀ ਕੋਸ਼ਿਸ਼ ਵਿੱਚ ਇਸ ਲਈ ਸ਼ਾਮਿਲ ਕੀਤਾ ਗਿਆ ਸੀ, ਜਦੋਂ ਦੋਵੇਂ ਪੱਖ ਟਕਰਾਅ ਹੋਰ ਵਧਾਉਣ ਲਈ ਆਪਣੇ ਅਗਲਾ ਕਦਮਾਂ ਬਾਰੇ ਸੋਚਣ ਲਈ ਕੁਝ ਸਮਾਂ ਤਲਾਸ਼ ਰਹੇ ਸਨ

ਮੇਰੇ ਖਿਆਲ 'ਚ ਪਾਕਿਸਤਾਨ ਇਸ ਲਈ ਈਰਾਨ ਨਾਲ ਗੱਲਬਾਤ ਕਰਨ ਲਈ ਵਧੀਆ ਸਥਿਤੀ 'ਚ ਹੈ ਕਿਉਂਕਿ ਉਸਨੂੰ ਇਜ਼ਰਾਇਲ-ਪੱਖੀ ਜਾਂ ਬਹੁਤ ਜ਼ਿਆਦਾ ਅਮਰੀਕਾ-ਪੱਖੀ ਮੁਲਕ ਵੱਜੋਂ ਨਹੀਂ ਦੇਖਿਆ ਜਾਂਦਾ ਹੈ।

ਇਸ ਦਰਮਿਆਨ, ਕੂਟਨੀਤਿਕ ਬੈਠਕਾਂ ਜਾਰੀ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ਼ਾਕ ਡਾਰ ਮੰਗਲਵਾਰ ਨੂੰ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਦੇ ਸੱਦੇ 'ਤੇ ਚੀਨ ਦੌਰੇ 'ਤੇ ਹਨ। ਫਿਰ ਵੀ, ਪਾਕਿਸਤਾਨ ਸਾਹਮਣੇ ਵੱਡੇ ਸਵਾਲ ਹਨ, ਕਿਉਂਕਿ ਸ਼ਾਂਤੀ ਸਮਝੌਤਾ ਕਰਵਾਉਣਾ ਆਸਾਨ ਨਹੀਂ ਹੈ। ਕੁਗੇਲਮਾਨ ਕਹਿੰਦੇ ਹਨ, ਇਹ ਗੱਲ ਤਾਂ ਸਪੱਸ਼ਟ ਹੈ ਕਿ ਅਮਰੀਕਾ ਅਤੇ ਈਰਾਨ ਵਿਚਾਲੇ ਇੱਕ-ਦੂਜੇ ਨੂੰ ਲੈਕੇ ਜੋ ਬੇਭਰੋਸਗੀ ਹੈ ਅਤੇ ਦੋਹਾਂ ਧਿਰਾਂ ਦੀਆਂ ਜੋ ਮੰਗਾਂ ਹਨ, ਉਸ ਦੇ ਮੱਦੇਨਜ਼ਰ ਮੌਜੂਦਾ ਸਮੇਂ 'ਚ ਕਿਸੇ ਸ਼ਾਂਤੀ ਸਮਝੌਤੇ ਦੀ ਉਮੀਦ ਘੱਟ ਹੀ ਜਾਪਦੀ ਹੈ। ਉਹ ਕਹਿੰਦੇ ਹਨ, ਜੇਕਰ ਪਾਕਿਸਤਾਨ ਦੀ ਮੌਜੂਦਾ ਯੋਜਨਾ ਸਿਰੇ ਨਹੀਂ ਚੜ੍ਹਦੀ ਤਾਂ ਇਸ ਮੁਸ਼ਕਿਲ ਸਮੀਕਰਨ ਨੂੰ ਬਿਠਾਉਣ ਲਈ ਪਾਕਿਸਤਾਨ ਨੂੰ ਸੋਚਣ ਦੀ ਲੋੜ ਹੈ।

## ਗੈਰ-ਪਰੰਪਰਾਗਤ ਕੂਟਨੀਤਿਕ ਖੇਡਾਂ

ਇਹ ਸਪੱਸ਼ਟ ਨਹੀਂ ਹੈ ਕਿ ਅੱਗੇ ਹਾਲਾਤ ਕਿਵੇਂ ਬਣਨਗੇ, ਪਰ ਇਹ ਜ਼ਰੂਰ ਸਪੱਸ਼ਟ ਹੈ ਕਿ ਪਾਕਿਸਤਾਨ ਨੇ ਡੋਨਲਡ ਟਰੰਪ ਨਾਲ ਆਪਣੇ ਸਬੰਧਾਂ ਦਾ ਲਾਭ ਉਠਾਉਣ 'ਚ ਤੇਜ਼ੀ ਦਿਖਾਈ ਹੈ। ਲੋਧੀ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਪਾਕਿਸਤਾਨ ਨੇ 2025 ਦੇ ਭਾਰਤ-ਪਾਕਿਸਤਾਨ ਸੰਘਰਸ਼ ਦੌਰਾਨ ਟਰੰਪ ਵੱਲੋਂ ਫੈਸਲਾਕੁੰਨ ਕੂਟਨੀਤਕ ਦਖਲ ਲਈ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਹਮਾਇਤ ਕੀਤੀ ਸੀ ਅਤੇ ਕਾਬੁਲ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਸਾਜ਼ਿਸ਼ ਰਚਣ ਵਾਲੇ ਨੂੰ ਅਮਰੀਕਾ ਦੇ ਹਵਾਲੇ ਕੀਤਾ ਸੀ। ਲੋਧੀ ਕਹਿੰਦੇ ਹਨ, ਪਾਕਿਸਤਾਨ ਨੇ ਟਰੰਪ ਨੂੰ ਦੋ ਸ਼ੁਰੂਆਤੀ ਜਿੱਤਾਂ ਦਿੱਤੀਆਂ, ਜੋ ਉਨ੍ਹਾਂ ਲਈ ਬੇਹੱਦ ਅਹਿਮ ਸਨ। ਇਸੇ ਕਾਰਨ ਦੋਹਾਂ ਵਿਚਾਲੇ ਸਬੰਧ ਮਜਬੂਤ ਹੋਏ ਅਤੇ ਸਬੰਧਾਂ 'ਚ ਗਰਮਜੋਸ਼ੀ ਆਈ।ਕੁਗੇਲਮਾਨ ਕਹਿੰਦੇ ਹਨ, ਭਾਰਤ ਦੇ ਉਲਟ, ਪਾਕਿਸਤਾਨ ਗੈਰ-ਪਰੰਪਰਾਗਤ ਕੂਟਨੀਤਕ ਖੇਡਾਂ ਖੇਡਣ ਦਾ ਇਛੁੱਕ ਹੈ।ਇਹ ਗੱਲ ਕਿ ਪਾਕਿਸਤਾਨ ਦੇ ਉੱਚ ਅਧਿਕਾਰੀਆਂ ਨੇ ਰਾਸ਼ਟਰਪਤੀ ਦੀ ਖੁਸ਼ਾਮਦ ਲਈ ਖਾਸ ਕੋਸ਼ਿਸਾਂ ਕੀਤੀਆਂ। ਇਸ ਨਾਲ ਵਾਸ਼ਿੰਗਟਨ 'ਚ ਉਨ੍ਹਾਂ ਦੀ ਪਹੁੰਚ ਨੂੰ ਮਦਦ ਮਿਲੀ ਹੈ ਅਤੇ ਪ੍ਰਸ਼ਾਸਨ ਦੀ ਨਜ਼ਰ @ਚ ਪਾਕਿਸਤਾਨ ਨੂੰ ਇੱਕ ਵਧੀਆ ਵਿਚੋਲੇ ਵੱਜੋਂ ਸਥਾਪਿਤ ਕੀਤਾ। ਪਰ ਅਮਰੀਕਾ ਨਾਲ ਸਬੰਧ ਹੀ ਪਾਕਿਸਤਾਨ ਦੀ ਇਕਲੌਤੀ ਤਾਕਤ ਨਹੀਂ ਹੈ। ਸਿੱਦੀਕੀ ਕਹਿੰਦੇ ਹਨ, ਪਾਕਿਸਤਾਨ ਨੂੰ ਸਮਝ ਆ ਗਿਆ ਹੈ ਕਿ ਖੇਤਰੀ ਕੂਟਨੀਤੀ 'ਚ ਸੰਤੁਲਨ ਬਣਾਈ ਰੱਖਣਾ ਹੀ ਸਭ ਤੋਂ ਵਧੀਆ ਤਰੀਕਾ ਹੈ। ਅੱਜ ਕੱਲ੍ਹ ਦੀ ਦੁਨੀਆ 'ਚ, ਖਾਸ ਕਰਕੇ ਮੱਧਮ ਤਾਕਤ ਵਾਲੇ ਮੁਲਕਾਂ ਲਈ, ਕਈ ਧਿਰਾਂ ਨਾਲ ਇੱਕੋ ਸਮੇਂ ਤਾਲਮੇਲ ਬਿਠਾਉਣ ਦੀ ਨੀਤੀ ਅਪਨਾਉਣਾ ਆਮ ਗੱਲ ਬਣ ਗਈ ਹੈ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 348
Website: www.preetnama.com Email preetnamausa@gmail.com
03 APRIL TO 09 APRIL, 2026

# ਭਾਰਤ ਵਿੱਚ ਜਨਗਣਨਾ 2027 ਦੀ ਤਿਆਰੀ

## ਪਹਿਲੀ ਵਾਰ ਡਿਜੀਟਲ ਤਰੀਕੇ ਨਾਲ ਹੋ ਰਹੀ ਜਨਗਣਨਾ ਦੀ ਪੂਰੀ ਪ੍ਰਕਿਰਿਆ ਸਮਝੋ



### ਜਨਗਣਨਾ ਕੌਣ ਕਰਦਾ ਹੈ ?

ਭਾਰਤ ਦੀ ਜਨਗਣਨਾ ਗ੍ਰਿਹ ਮੰਤਰਾਲੇ ਦੇ ਅਧੀਨ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੁਆਰਾ ਕਰਵਾਈ ਜਾਂਦੀ ਹੈ। ਭਾਰਤ ਵਿੱਚ ਆਮ ਤੌਰ 'ਤੇ ਹਰ ਦੱਸ ਸਾਲਾਂ ਬਾਅਦ ਜਨਗਣਨਾ ਹੁੰਦੀ ਸੀ, ਪਰ 2011 ਤੋਂ ਬਾਅਦ ਇਹ ਨਹੀਂ ਹੋਈ। 2011 ਵਿੱਚ ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ ਕਰਵਾਈ ਗਈ ਸੀ, ਪਰ ਇਸਦਾ ਡਾਟਾ ਕਦੇ ਜਨਤਕ ਨਹੀਂ ਕੀਤਾ ਗਿਆ। 2015 ਵਿੱਚ ਵੀ ਜਾਤੀ ਅਧਾਰਿਤ ਜਨਗਣਨਾ ਕੀਤੀ ਗਈ ਸੀ, ਪਰ ਇਸਦਾ ਡਾਟਾ ਵੀ ਜਾਰੀ ਨਹੀਂ ਕੀਤਾ ਗਿਆ। ਕੇਂਦਰ ਸਰਕਾਰ ਨੇ ਇੱਕ ਸੁਣਵਾਈ ਦੌਰਾਨ ਦਿੱਤੇ ਗਏ ਹਲਫ਼ਨਾਮੇ ਵਿੱਚ ਕਿਹਾ ਸੀ ਕਿ ਇਹ ਡਾਟਾ ਖ਼ਰਾਬ ਅਤੇ ਗ਼ਲਤ ਸੀ, ਜਿਸ ਕਰਕੇ ਇਸਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। 2021 ਲਈ ਤੈਅ ਜਨਗਣਨਾ ਗਲੋਬਲ ਕੋਵਿਡ ਮਹਾਮਾਰੀ ਕਾਰਨ ਟਾਲ ਦਿੱਤੀ ਗਈ ਸੀ। ਇਸ ਕਾਰਨ ਹੁਣ ਜਨਗਣਨਾ 2027 ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

ਪੰਜਾਬ ਸਣੇ ਦੇਸ਼ ਭਰ ਵਿੱਚ ਜਨਗਣਨਾ 2027 ਦੀਆਂ ਤਿਆਰੀਆਂ ਹੋ ਗਈਆਂ ਹਨ। ਦੁਨੀਆ ਦੀ ਸਭ ਤੋਂ ਵੱਡੀ ਦੱਸੀ ਜਾ ਰਹੀ ਇਸ ਜਨਗਣਨਾ ਦੇ ਤਹਿਤ 36 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ, 7,092 ਉਪ-ਜ਼ਿਲ੍ਹਿਆਂ, 5,128 ਕਾਨੂੰਨੀ ਸ਼ਹਿਰਾਂ, 4,580 ਜਨਗਣਨਾ ਸ਼ਹਿਰਾਂ ਅਤੇ 6,39,902 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵਾਰ ਪਹਿਲੀ ਵਾਰ ਪੂਰੀ ਜਨਗਣਨਾ ਡਿਜੀਟਲ ਤਰੀਕੇ ਨਾਲ ਕਰਵਾਈ ਜਾਵੇਗੀ ਅਤੇ ਲੋਕਾਂ ਨੂੰ ਸਵੈ-ਗਣਨਾ ਦਾ ਬਦਲ ਵੀ ਦਿੱਤਾ ਜਾਵੇਗਾ। ਇਸੇ ਸੰਦਰਭ ਵਿੱਚ ਆਓ ਜਨਗਣਨਾ ਬਾਰੇ ਸਭ ਕੁਝ ਸਮਝੀਏ।

**ਜਨਗਣਨਾ ਕੀ ਹੁੰਦੀ ਹੈ ?**

ਜਨਗਣਨਾ ਦਾ ਮਤਲਬ ਹੈ ਕਿ ਕਿਸੇ ਖ਼ਾਸ ਖੇਤਰ ਵਿੱਚ ਕਿੰਨੇ ਲੋਕ ਰਹਿੰਦੇ ਹਨ, ਇਸ ਦੀ ਗਿਣਤੀ ਕਰਨਾ। ਜਾਤੀ ਨਾਲ ਸਬੰਧਤ ਵੇਰਵਿਆਂ ਨੂੰ ਦਰਜ ਕਰਨ ਵਾਲੀ ਜਨਗਣਨਾ ਨੂੰ ਜਾਤੀ ਜਨਗਣਨਾ ਕਿਹਾ ਜਾਂਦਾ ਹੈ। ਪਰ ਇਹ ਪ੍ਰਕਿਰਿਆ ਸਿਰਫ਼ ਗਿਣਤੀ ਤੱਕ ਸੀਮਤ ਨਹੀਂ ਹੁੰਦੀ, ਇਸ ਵਿੱਚ ਹੋਰ ਪੱਖ ਵੀ ਸ਼ਾਮਲ ਹੁੰਦੇ ਹਨ। ਜਨਗਣਨਾ ਐਕਟ, 1948 ਦੀ ਧਾਰਾ 8 ਅਨੁਸਾਰ, ਹਰ ਨਾਗਰਿਕ ਲਈ ਇਹ ਲਾਜ਼ਮੀ ਹੈ ਕਿ ਉਹ ਜਨਗਣਨਾ ਦੌਰਾਨ ਪੁੱਛੇ ਗਏ ਸਵਾਲਾਂ ਦੇ ਸੱਚੇ ਜਵਾਬ ਦੇਵੇ।

**ਜਨਗਣਨਾ 2027 ਕਿਵੇਂ ਕਰਵਾਈ ਜਾਵੇਗੀ ? ਇਸਦੇ ਕਿੰਨੇ ਪੜਾਅ ਹਨ ?**

ਪਹਿਲੀ ਵਾਰ ਭਾਰਤ ਵਿੱਚ ਡਿਜੀਟਲ ਜਨਗਣਨਾ ਕੀਤੀ ਜਾ ਰਹੀ ਹੈ। ਇਸ ਦੇ ਤਿੰਨ ਅਹਿਮ ਗੇੜ ਹਨ। ਸਵੈ-ਗਿਣਤੀ- ਇਸਦਾ ਮਤਲਬ ਹੈ ਕਿ ਲੋਕ ਆਪ ਆਪਣੀ ਜਾਣਕਾਰੀ ਆਨਲਾਈਨ ਭਰ ਸਕਦੇ ਹਨ। ਕਿਉਂਕਿ ਲੋਕ ਆਪਣੀ ਜਾਣਕਾਰੀ ਖ਼ੁਦ ਭਰਨਗੇ, ਇਸ ਕਰਕੇ ਗ਼ਲਤੀਆਂ ਦੀ ਸੰਭਾਵਨਾ ਘੱਟ ਰਹੇਗੀ। ਇਸ ਦੇ ਨਾਲ ਹੀ, ਡਾਟਾ ਇਕੱਠਾ ਕਰਨ ਦੀ ਪ੍ਰਕਿਰਿਆ ਤੇਜ਼ ਹੋਵੇਗੀ। ਹਾਲਾਂਕਿ ਇਹ ਗੇੜ ਲਾਜ਼ਮੀ ਨਹੀਂ ਹੈ। ਜੇ ਤੁਸੀਂ ਆਨਲਾਈਨ ਜਾਣਕਾਰੀ ਭਰ ਦਿੰਦੇ ਹੋ, ਤਾਂ ਵੀ ਅਧਿਕਾਰੀ ਤੁਹਾਡੇ ਘਰ ਆ ਕੇ ਜਾਣਕਾਰੀ ਇਕੱਠੀ ਕਰਨਗੇ। ਜੇ ਤੁਸੀਂ ਆਨਲਾਈਨ ਜਾਣਕਾਰੀ ਭਰੀ ਹੈ, ਤਾਂ ਤੁਹਾਨੂੰ ਇਸਦੀ ਪੁਸ਼ਟੀ ਐੱਸਈ (ਸਕਿਓਰ ਐਲੀਮੈਂਟ ਆਈਡੈਂਟੀਫਾਇਰ) ਆਈਡੀ ਰਾਹੀਂ ਕਰਨੀ ਪਵੇਗੀ। ਘਰ ਸੂਚੀਬੰਦੀ ਅਤੇ ਹਾਉਸਿੰਗ ਜਨਗਣਨਾ- ਇਸ ਦੌਰਾਨ ਖੇਤਰ ਵਿੱਚ ਹਰੇਕ ਢਾਂਚੇ, ਇਮਾਰਤ ਅਤੇ ਘਰ ਦੀ ਸੂਚੀ ਤਿਆਰ ਕਰਕੇ ਉਸ ਨੂੰ ਨੰਬਰ ਦਿੱਤਾ ਜਾਂਦਾ ਹੈ। ਇਹ ਜਾਣਕਾਰੀ ਅਗਲੇ ਗੇੜ ਲਈ ਬਹੁਤ ਮਹੱਤਵਪੂਰਨ ਹੁੰਦੀ ਹੈ, ਕਿਉਂਕਿ ਇਸ ਨਾਲ ਗਿਣਤੀ ਕਰਨ ਵਾਲਿਆਂ ਲਈ ਬਲਾਕ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕੋਈ ਵੀ ਇਮਾਰਤ ਜਾਂ ਘਰ ਛੱਡਿਆ ਨਾ ਜਾਵੇ।

ਇਸ ਗੇੜ ਵਿੱਚ ਘਰ ਦੀ ਕਿਸਮ, ਉਸ ਦੀ ਹਾਲਤ, ਉਪਲਬਧ ਸੁਵਿਧਾਵਾਂ, ਵਰਤੇ ਜਾਣ ਵਾਲਾ ਇੰਧਨ, ਬਾਥਰੂਮ ਦੀ ਉਪਲਬਧਤਾ, ਨਿਵਾਸੀਆਂ ਦੀਆਂ ਜਾਇਦਾਦਾਂ ਅਤੇ ਘਰ ਕਿਰਾਏ 'ਤੇ ਹੈ ਜਾਂ ਆਪਣਾ ਹੈ, ਵਰਗੇ ਵੇਰਵੇ ਵੀ ਦਰਜ ਕੀਤੇ ਜਾਂਦੇ ਹਨ। ਜਨਸੰਖਿਆ ਗਿਣਤੀ- ਇਸ ਗੇੜ ਵਿੱਚ ਗਿਣਤੀ ਕਰਮਚਾਰੀ ਘਰ-ਘਰ ਜਾ ਕੇ ਹਰ ਵਿਅਕਤੀ ਦੀ ਗਿਣਤੀ ਕਰਦੇ ਹਨ ਅਤੇ ਉਸ ਬਾਰੇ ਖ਼ਾਸ ਜਾਣਕਾਰੀ ਇਕੱਠੀ ਕਰਦੇ ਹਨ।

**ਜਨਗਣਨਾ 2027 ਲਈ ਇਨ੍ਹਾਂ ਗੇੜਾਂ ਦੀ ਸਮਾਂ-ਸਾਰਣੀ ਕੀ ਹੈ ?**

ਅਪ੍ਰੈਲ ਤੋਂ ਸਤੰਬਰ 2026- ਘਰ ਸੂਚੀਬੰਦੀ ਅਤੇ ਹਾਉਸਿੰਗ ਜਨਗਣਨਾ (ਐੱਚਐੱਲਓ) ਕਰਵਾਈ ਜਾਵੇਗੀ। ਹਰ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲਈ 30 ਦਿਨਾਂ ਦੀ ਇੱਕ ਖ਼ਾਸ ਸਮਾਂ ਤੈਅ ਕੀਤੀ ਗਈ ਹੈ। ਇਸ ਸਮੇਂ ਤੋਂ 15 ਦਿਨ ਪਹਿਲਾਂ ਸਵੈ-ਗਿਣਤੀ ਦਾ ਬਦਲ ਉਪਲਬਧ ਹੋਵੇਗਾ। ਇਹ ਵੈੱਬਸਾਈਟ https://test.census.gov.in/se/ ਅਤੇ ਐਪ 16 ਭਾਸ਼ਾਵਾਂ ਵਿੱਚ ਉਪਲਬਧ ਹੋਣਗੇ। ਫਰਵਰੀ 2027 ਵਿੱਚ ਅਸਲ ਜਨਸੰਖਿਆ ਗਿਣਤੀ ਕੀਤੀ ਜਾਵੇਗੀ। ਹਾਲਾਂਕਿ, ਜਿਨ੍ਹਾਂ ਖੇਤਰਾਂ ਵਿੱਚ ਇਸ ਸਮੇਂ ਦੌਰਾਨ ਬਰਫ਼ਬਾਰੀ ਹੁੰਦੀ ਹੈ, ਉੱਥੇ ਇਹ ਪ੍ਰਕਿਰਿਆ ਸਤੰਬਰ 2026 ਵਿੱਚ ਹੀ ਕਰਵਾਈ ਜਾਵੇਗੀ। ਇਸ ਵਿੱਚ ਲੱਦਾਖ ਦਾ ਪੂਰਾ ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਯੂਟੀ ਅਤੇ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਬਰਫ਼ ਨਾਲ ਬੱਝੇ ਗੈਰ-ਸਮਕਾਲੀ ਖੇਤਰ ਸ਼ਾਮਲ ਹਨ। ਇਸ ਦੂਜੇ ਗੇੜ ਵਿੱਚ ਜਾਤੀਆਂ ਦੀ ਗਿਣਤੀ ਵੀ ਦਰਜ ਕੀਤੀ ਜਾਵੇਗੀ। ਇਸਦੇ ਨਾਲ ਨਾਲ ਹਰ ਵਿਅਕਤੀ ਤੋਂ ਜਨਸੰਖਿਆ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਇਸ ਵਿੱਚ ਉਮਰ, ਲਿੰਗ, ਆਮਦਨ, ਧਰਮ, ਭਾਸ਼ਾ, ਸਿੱਖਿਆ, ਬੱਚਿਆਂ ਦੀ ਗਿਣਤੀ ਅਤੇ ਕੀ ਮਾਈਗ੍ਰੇਸ਼ਨ ਹੋਈ ਹੈ, ਵਰਗੇ ਵੇਰਵੇ ਸ਼ਾਮਲ ਹਨ। ਪੰਜਾਬ ਵਿੱਚ 30 ਅਪ੍ਰੈਲ ਤੋਂ 14 ਮਈ ਤੱਕ ਸਵੈ-ਗਿਣਤੀ ਦਾ ਬਦਲ ਉਪਲਬਧ ਹੋਵੇਗਾ, ਜਦਕਿ 15 ਮਈ ਤੋਂ 13 ਜੂਨ ਤੱਕ ਘਰ ਸੂਚੀਬੰਦੀ ਅਤੇ ਹਾਉਸਿੰਗ ਜਨਗਣਨਾ ਕਰਵਾਈ ਜਾਵੇਗੀ।

**ਡਿਜੀਟਲ ਜਨਗਣਨਾ ਕਿਹੋ ਜਿਹੀ ਹੋਵੇਗੀ ?**

ਜੋ ਵਿਅਕਤੀ ਜਨਗਣਨਾ ਦਾ ਡਾਟਾ ਇਕੱਠਾ ਕਰਦਾ ਹੈ, ਉਸਨੂੰ ਐਨਿਊਮਿਰੇਟਰ ਕਿਹਾ ਜਾਂਦਾ ਹੈ। ਦੇਸ਼ ਭਰ ਵਿੱਚ 2027 ਦੀ ਜਨਗਣਨਾ ਲਈ 30 ਲੱਖ ਤੋਂ ਵੱਧ ਐਨਿਊਮਿਰੇਟਰ, ਨਿਗਰਾਨ ਅਤੇ ਹੋਰ ਅਧਿਕਾਰੀ ਕੰਮ ਕਰਨਗੇ। ਐਨਿਊਮਿਰੇਟਰ ਸਮਾਰਟਫੋਨ ਦੀ ਮਦਦ ਨਾਲ ਮੋਬਾਈਲ ਐਪ 'ਤੇ ਜਾਣਕਾਰੀ ਦਰਜ ਕਰੇਗਾ ਅਤੇ ਡਾਟਾ ਜਮ ?ਹਾਂ ਕਰੇਗਾ। ਸਰਕਾਰ ਨੇ ਕਿਹਾ ਹੈ ਕਿ ਡਾਟਾ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ ਗਏ ਹਨ।

**ਜਨਗਣਨਾ ਦਾ ਇਤਿਹਾਸ**

1872 ਵਿੱਚ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੌਰਾਨ ਵਾਇਸਰਾਏ ਲਾਰਡ ਮੇਯੋ ਨੇ ਜਨਗਣਨਾ ਦੀ ਸ਼ੁਰੂਆਤ ਕੀਤੀ। 1931 ਤੱਕ ਜਦੋਂ ਵੀ ਬ੍ਰਿਟਿਸ਼ ਜਨਗਣਨਾ ਕਰਦੇ ਸਨ ਉਦੋਂ ਜਾਤੀ ਨਾਲ ਸੰਬੰਧਿਤ ਜਾਣਕਾਰੀ ਦਰਜ ਕੀਤੀ ਜਾਂਦੀ ਸੀ। 1881 ਤੋਂ ਭਾਰਤ ਵਿੱਚ ਹਰ ਦੱਸ ਸਾਲਾਂ ਬਾਅਦ ਜਨਗਣਨਾ ਕੀਤੀ ਜਾਂਦੀ ਹੈ। ਆਜ਼ਾਦ ਭਾਰਤ ਦੀ ਪਹਿਲੀ ਜਨਗਣਨਾ 1951 ਵਿੱਚ ਹੋਈ ਸੀ। ਸਮਾਜਿਕ ਵੰਡ ਅਤੇ ਵਿਤਕਰੇ ਤੋਂ ਬਚਣ ਲਈ ਵਿਸਥਾਰਿਤ ਜਾਤੀ ਜਾਣਕਾਰੀ ਇਕੱਠੀ ਨਹੀਂ ਕੀਤੀ ਗਈ ਅਤੇ ਵਰਗੀਕਰਨ ਸਿਰਫ਼ ਅਨੁਸੂਚਿਤ ਜਾਤੀਆਂ (ਐੱਸਸੀ), ਅਨੁਸੂਚਿਤ ਜਨਜਾਤੀਆਂ (ਐੱਸਟੀ), ਹੋਰ ਪਿੱਛੜੇ ਵਰਗ (ਓਬੀਸੀ) ਅਤੇ ਜਨਰਲ ਵਰਗ ਤੱਕ ਸੀਮਤ ਰਿਹਾ। ਉਸ ਤੋਂ ਬਾਅਦ ਭਾਰਤ ਸਰਕਾਰ ਨੇ ਨੀਤੀਗਤ ਫ਼ੈਸਲੇ ਵਜੋਂ ਜਾਤੀ ਅਧਾਰਿਤ ਜਨਗਣਨਾ ਕਰਨਾ ਬੰਦ ਕਰ ਦਿੱਤਾ।



Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 348
Website: www.preetnama.com Email preetnamausa@gmail.com
03 APRIL TO 09 APRIL, 2026

# ਅਮਰੀਕਾ ਦੀ ਨਜ਼ਰ ਈਰਾਨ ਦੇ ਖਾਰਗ ਟਾਪੂ 'ਤੇ ਕਿਉਂ ਹੈ, ਇਸ ਨੂੰ ਉਸ ਮੁਲਕ ਦੀ ਜੀਵਨ ਰੇਖਾ ਕਿਉਂ ਮੰਨਿਆ ਜਾਂਦਾ



ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਈਰਾਨ ਦੇ ਖਾਰਗ ਟਾਪੂ 'ਤੇ ਅੱਗੇ ਵੀ ਸੈਨਿਕ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਹੈ। ਇਹ ਛੋਟਾ ਜਿਹਾ ਟਾਪੂ ਈਰਾਨ ਦੇ ਤੱਟ ਦੇ ਨੇੜੇ ਸਥਿਤ ਹੈ, ਜਿੱਥੇ ਵੱਡੇ ਤੇਲ ਭੰਡਾਰ ਮੌਜੂਦ ਹਨ। ਖਾਰਗ ਨੂੰ ਆਰਥਿਕ ਤੌਰ 'ਤੇ ਈਰਾਨ ਦੀ ਜੀਵਨਰੇਖਾ ਵੀ ਮੰਨਿਆ ਜਾਂਦਾ ਹੈ। ਐਤਵਾਰ ਨੂੰ ਫਾਈਨੈਂਸ਼ੀਅਲ ਟਾਈਮਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਡੌਨਲਡ ਟਰੰਪ ਨੇ ਕਿਹਾ ਕਿ ਉਹ ਈਰਾਨ ਦੇ ਤੇਲ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਅਤੇ ਖਾਰਗ ਟਾਪੂ ਨੂੰ ਆਪਣੇ ਕਬਜ਼ੇ ਵਿੱਚ ਲੈਣ ਬਾਰੇ ਵੀ ਸੋਚ ਰਹੇ ਹਨ। ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਅਜਿਹੀ ਕਾਰਵਾਈ ਦਾ ਮਤਲਬ ਹੋਵੇਗਾ ਕਿ ÷ਸਾਨੂੰ ਕੁਝ ਸਮੇਂ ਲਈ ਉੱਥੇ (ਖਾਰਗ ਟਾਪੂ 'ਤੇ) ਰਹਿਣਾ ਪਵੇਗਾ। 13 ਮਾਰਚ ਨੂੰ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਖਾਰਗ ਟਾਪੂ ਦੀਆਂ ਫੌਜੀ ਸਹੂਲਤਾਂ ÷ਪੂਰੀ ਤਰ੍ਹਾਂ ਨਸ਼ਟ ਕਰ ਦਿੱਤੀਆਂ ਗਈਆਂ÷ ਹਨ, ਪਰ ਉਸ ਨੇ ਇਸ ਦੇ ਤੇਲ ਢਾਂਚੇ ਨੂੰ ਨਿਸ਼ਾਨਾ ਬਣਾਉਣ ਤੋਂ ਰੋਕਿਆ ।ਇਸ ਮਹੀਨੇ ਦੇ ਸ਼ੁਰੂ ਵਿੱਚ, ਅਮਰੀਕੀ ਨਿਊਜ਼ ਆਊਟਲੈੱਟ ਐਕਸੀਓਸ ਨੇ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਚਾਰ ਸਰੋਤਾਂ ਦੇ ਹਵਾਲੇ ਨਾਲ ਕਿਹਾ ਕਿ ਪ੍ਰਸ਼ਾਸਨ ਈਰਾਨ 'ਤੇ ਦਬਾਅ ਬਣਾਉਣ ਲਈ ਟਾਪੂ ਨੂੰ ਕਬਜ਼ੇ ਵਿੱਚ ਲੈਣ ਜਾਂ ਉਸਦੀ ਨਾਕਾਬੰਦੀ ਕਰਨ ਦੀ ਯੋਜਨਾ 'ਤੇ ਵਿਚਾਰ ਕਰ ਰਿਹਾ ਸੀ, ਤਾਂ ਜੋ ਸਟ ?ਰੇਟ ਆਫ ਹਾਰਮੁਜ਼ ਨੂੰ ਦੁਬਾਰਾ ਖੋਲ੍ਹਿਆ ਜਾ ਸਕੇ।

ਦਰਅਸਲ, ਸਟਰੇਟ ਆਫ ਹਾਰਮੁਜ਼ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸ਼ਿਪਿੰਗ ਰਸਤੇ ਵਿੱਚੋਂ ਇੱਕ ਹੈ ਅਤੇ ਈਰਾਨ ਦੇ ਤਟ ਦੇ ਦੱਖਣ ਵਿੱਚ ਸਥਿਤ ਹੈ। ਇਹ ਵੀ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਕੀ ਕਿਸੇ ਸਮੇਂ ਅਮਰੀਕੀ ਫੌਜਾਂ ਖਾਰਗ ਟਾਪੂ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕਰ ਸਕਦੀਆਂ ਹਨ। ਇਸ ਦਾ ਕਬਜ਼ਾ ਨਾ ਸਿਰਫ਼ ਈਰਾਨ ਦੀ ਤੇਲ ਬਰਾਮਦਗੀ ਨੂੰ ਰੋਕ ਦੇਵੇਗਾ, ਸਗੋਂ ਇਹ ਇੱਕ ਅਜਿਹਾ ਮੰਚ ਵੀ ਪ੍ਰਦਾਨ ਕਰ ਸਕਦਾ ਹੈ ਜਿੱਥੋਂ ਮੁੱਖ ਭੂਖੰਡ 'ਤੇ ਹਮਲੇ ਕੀਤੇ ਜਾ ਸਕਣ ।ਬੀਬੀਸੀ ਦੇ ਸਿਕਿਊਰਿਟੀ ਬ੍ਰੀਫ਼ ਦੇ ਸੁਰੱਖਿਆ ਵਿਸ਼ਲੇਸ਼ਕ ਮਾਈਕੀ ਕੇਅ ਦਾ ਕਹਿਣਾ ਹੈ ਕਿ ਟਾਪੂ 'ਤੇ ਕਬਜ਼ੇ ਨਾਲ ਇਸਲਾਮਿਕ ਰੈਵੋਲਿਊਸ਼ਨ ਗਾਰਡ ਕੋਰਪਸ ਆਰਥਿਕ ਜੀਵਨ ਰੇਖਾ ਪ੍ਰਭਾਵਸ਼ਾਲੀ ਢੰਗ ਨਾਲ ਕੱਟ ਜਾਵੇਗੀ, ਜਿਸ ਨਾਲ ਯੁੱਧ ਕਰਨ ਦੀ ਉਸਦੀ ਸਮਰੱਥਾ ਪ੍ਰਭਾਵਿਤ ਹੋਵੇਗੀ।

**ਈਰਾਨ ਲਈ ਖਾਰਗ ਟਾਪੂ ਕਿਉਂ ਮਹੱਤਵਪੂਰਨ ਹੈ ?**

ਖਾਰਗ ਟਾਪੂ ਈਰਾਨ ਦੇ ਤੱਟ ਤੋਂ ਸਿਰਫ਼ 15 ਨਾਟਿਕਲ ਮੀਲ (24 ਕਿਲੋਮੀਟਰ) ਦੂਰ ਇੱਕ ਛੋਟਾ ਪਥਰੀਲਾ ਟਾਪੂ ਹੈ। ਆਪਣੇ ਛੋਟੇ ਆਕਾਰ ਦੇ ਬਾਵਜੂਦ, ਇਹ ਈਰਾਨ ਦੇ ਊਰਜਾ ਢਾਂਚੇ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਉੱਤਰੀ ਖਾੜੀ ਵਿੱਚ ਸਥਿਤ ਇਸ ਛੋਟੇ ਪਰ ਅਹਿਮ ਟਾਪੂ 'ਤੇ ਅਮਰੀਕਾ ਦਾ ਹਮਲਾ ਕਰਨਾ ਈਰਾਨ ਦੀ ਅਰਥਵਿਵਸਥਾ ਦੀ ਮੁੱਖ ਨਸ 'ਤੇ ਵਾਰ ਕਰਨ ਦੇ ਬਰਾਬਰ ਹੈ। ਈਰਾਨ ਦੇ ਕੱਚੇ ਤੇਲ ਦਾ 90 ਫੀਸਦੀ ਹਿੱਸਾ ਇਸੇ ਟਾਪੂ 'ਤੇ ਮੌਜੂਦ ਟਰਮੀਨਲ ਤੋਂ ਆਉਂਦਾ ਹੈ। ਇਹ ਤੇਲ ਮੁੱਖ ਭੂਮੀ ਤੋਂ ਪਾਈਪਲਾਈਨ ਰਾਹੀਂ ਇੱਥੇ ਲਿਆਂਦਾ ਜਾਂਦਾ ਹੈ। ਟਰੰਪ ਨੇ ਖ਼ਾਸ ਤੌਰ 'ਤੇ ਇਨ੍ਹਾਂ ਪਾਈਪਲਾਈਨਾਂ ਨੂੰ ਨਿਸ਼ਾਨਾ ਬਣਾਉਣ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਹੈ, ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਹੁਣ ਤੱਕ ਉਹ ਇਸ ਤਰ੍ਹਾਂ ਕਰਨ ਤੋਂ ਬਚਦੇ ਰਹੇ ਹਨ, ਤਾਂ ਜੋ ਈਰਾਨ ਦੀ ਅਰਥਵਿਵਸਥਾ ਨੂੰ ਲੰਬੇ ਸਮੇਂ ਲਈ ਨੁਕਸਾਨ ਨਾ ਪਹੁੰਚੇ ।16 ਮਾਰਚ ਨੂੰ ਟਰੰਪ ਨੇ ਕਿਹਾ, ਅਸੀਂ ਇਸਨੂੰ ਪੰਜ ਮਿੰਟ ਦੇ ਨੋਟਿਸ 'ਤੇ ਕਰ ਸਕਦੇ ਹਾਂ ਅਤੇ ਇਹ ਨਸ਼ਟ ਹੋ ਜਾਵੇਗਾ। ਸਿਰਫ਼ ਮੈਨੂੰ ਇੱਕ ਸ਼ਬਦ ਕਹਿਣਾ ਹੈ ਅਤੇ ਪਾਈਪਲਾਈਨ ਵੀ ਖ਼ਤਮ ਹੋ ਜਾਣਗੀਆਂ। ਪਰ ਉਨ੍ਹਾਂ ਨੂੰ ਦੁਬਾਰਾ ਬਣਾਉਣ ਵਿੱਚ ਲੰਬਾ ਸਮਾਂ ਲੱਗੇਗਾ। ਹਰ ਰੋਜ਼, ਇਹ ਟਰਮੀਨਲ ਲਗਭਗ 1.3 ਮਿਲੀਅਨ ਬੈਰਲ ਕੱਚੇ ਤੇਲ ਨੂੰ ਪ੍ਰੋਸੈਸ ਕਰਦਾ ਹੈ ਜੋ ਈਰਾਨ ਦੇ ਤਿੰਨ ਮੁੱਖ ਸਮੁੰਦਰੀ ਖੇਤਰਾਂ, ਅਬੂਜ਼ਰ, ਫੋਰੂਜ਼ਾਨ ਅਤੇ ਦੋਰੂਦ ਤੋਂ ਜਟਿਲ ਅੰਡਰਵਾਟਰ ਪਾਈਪਲਾਈਨਾਂ ਦੇ ਜਾਲ ਰਾਹੀਂ ਲਿਆਂਦਾ ਜਾਂਦਾ ਹੈ। ਅਤੇ ਇਸਦੀ ਭੰਡਾਰਨ ਸਮਰੱਥਾ 18 ਮਿਲੀਅਨ ਬੈਰਲ ਹੈ, ਜੋ ਕਿ ਆਮ ਹਾਲਾਤਾਂ ਵਿੱਚ ਲਗਭਗ 10-12 ਦਿਨਾਂ ਦੇ ਬਰਾਮਦਗੀ ਦੇ ਬਰਾਬਰ ਹੁੰਦਾ ਹੈ। ਖਾਰਗ ਟਾਪੂ ਦੇ ਘਾਟਾਂ 'ਤੇ 8.5 ਕਰੋੜ ਗੈਲਨ ਤੱਕ ਦੀ ਸਮਰੱਥਾ ਵਾਲੇ ਬਹੁਤ ਵੱਡੇ ਟੈਂਕਰ ਆ ਸਕਦੇ ਹਨ ਅਤੇ ਇੱਥੇ ਤੇਲ ਲੋਡ ਕਰ ਸਕਦੇ ਹਨ। ਇਸਦਾ ਤੱਟ ਡੂੰਘੇ ਪਾਣੀ ਦੇ ਨੇੜੇ ਹੈ, ਜੋ ਮੁੱਖ ਭੂਖੰਡ ਦੇ ਥੋੜ੍ਹੇ ਗਹਿਰੇ ਤਟ ਤੋਂ ਵੱਖਰਾ ਹੈ।

ਇੱਥੇ ਲੋਡ ਹੋਣ ਤੋਂ ਬਾਅਦ ਇਹ ਟੈਂਕਰ ਖਾੜੀ ਰਾਹੀਂ ਵਾਪਸ ਜਾਂਦੇ ਹਨ ਅਤੇ ਹੋਰਮੁਜ਼ ਸਟ ?ਰੇਟ ਦੇ ਰਾਹੀਂ ਬਾਹਰ ਨਿਕਲਦੇ ਹਨ। ਇੱਥੋਂ ਇਹ ਚੀਨ ਜਾਂਦੇ ਹਨ, ਜੋ ਈਰਾਨੀ ਤੇਲ ਦਾ ਮੁੱਖ ਖਰੀਦਦਾਰ ਹੈ।

**ਖਾਰਗ ਟਾਪੂ ਦਾ ਇਤਿਹਾਸ ਕੀ ਹੈ ?**

ਦੇਸ਼ ਦੀ ਫੌਜ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਸ ਦੀ ਊਰਜਾ ਸਹੂਲਤਾਂ 'ਤੇ ਹਮਲਾ ਕੀਤਾ ਗਿਆ ਤਾਂ ਅਮਰੀਕਾ ਨਾਲ ਕੰਮ ਕਰਨ ਵਾਲੀਆਂ ਕੰਪਨੀਆਂ ਦੀ ਤੇਲ ਅਤੇ ਊਰਜਾ ਢਾਂਚੇ ਨੂੰ ਤੁਰੰਤ ਨਸ਼ਟ ਕਰ ਦਿੱਤਾ ਜਾਵੇਗਾ ਅਤੇ ਸੁਆਹ ਵਿੱਚ ਬਦਲ ਦਿੱਤਾ ਜਾਵੇਗਾ। ਟਾਪੂ ਦੇ ਢਾਂਚੇ ਨੂੰ ਨਸ਼ਟ ਕਰਨ ਲਈ ਫੌਜੀ ਕਾਰਵਾਈ ਈਰਾਨ ਲਈ ਬਹੁਤ ਵੱਡਾ ਨੁਕਸਾਨ ਸਾਬਤ ਹੋਵੇਗੀ। ਇਹ ਸੰਘਰਸ਼ ਵਿੱਚ ਇੱਕ ਵੱਡੀ ਤੀਬਰਤਾ ਵੀ ਲਿਆਵੇਗੀ। ਇਸ ਨਾਲ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਹੋਰ ਵਧ ਸਕਦੀਆਂ ਹਨ ਅਤੇ ਇਹ ਵੀ ਸੰਭਾਵਨਾ ਹੈ ਕਿ ਈਰਾਨ ਮੱਧ ਪੂਰਬ ਵਿੱਚ ਹੋਰ ਤੇਲ ਢਾਂਚੇ ਨੂੰ ਨਿਸ਼ਾਨਾ ਬਣਾਏ।

ਜੰਗ ਦੇ ਇੱਕ ਮਹੀਨੇ ਬਾਅਦ ਵੀ ਈਰਾਨ ਕੋਲ ਆਪਣੇ ਖਾੜੀ ਅਰਬ ਗੁਆਂਢੀਆਂ ਅਤੇ ਜਹਾਜ਼ਾਂ ਖ਼ ?ਲਾਫ਼ ਘੱਟ ਲਾਗਤ ਵਾਲੇ ਉੱਚ ਵਿਸਫੋਟਕ ਡਰੋਨ ਵੱਡੀ ਗਿਣਤੀ ਵਿੱਚ ਲਾਂਚ ਕਰਨ ਦੀ ਸਮਰੱਥਾ ਹੈ। ਇਹ ਸੰਭਵ ਹੈ ਕਿ ਇਹ ਨਿਸ਼ਾਨਿਆਂ ਨੂੰ ਵਧਾ ਕੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਾਲੀਆਂ ਡੀਸੈਲੀਨੇਸ਼ਨ ਪਲਾਂਟਾਂ ਵਰਗੇ ਮਹੱਤਵਪੂਰਨ ਢਾਂਚੇ ਨੂੰ ਵੀ ਸ਼ਾਮਲ ਕਰ ਸਕਦਾ ਹੈ।

ਖਾਰਗ ਟਾਪੂ ਨੇ 2,000 ਸਾਲ ਪਹਿਲਾਂ ਪਰਸ਼ੀਅਨ ਸਮਰਾਜ ਦੇ ਸਮੇਂ ਤੋਂ ਖਾੜੀ ਵਿੱਚ ਰਣਨੀਤਕ ਭੂਮਿਕਾ ਨਿਭਾਈ ਹੈ, ਜਦੋਂ ਇਸਦੇ ਕੁਦਰਤੀ ਚਸ਼ਮੇ ਇਸਨੂੰ ਇੱਕ ਮਹੱਤਵਪੂਰਨ ਵਪਾਰਕ ਬੰਦਰਗਾਹ ਬਣਾਉਂਦੇ ਸਨ। 16ਵੀਂ ਅਤੇ 17ਵੀਂ ਸਦੀ ਵਿੱਚ ਇਹ ਪੁਰਤਗਾਲੀ ਅਤੇ ਡੱਚ ਸ਼ਾਸਨ ਹੇਠ ਸੀ ਅਤੇ 1900 ਦੇ ਸ਼ੁਰੂ ਵਿੱਚ ਇੱਥੇ ਉੱਚ ਸੁਰੱਖਿਆ ਵਾਲੀ ਜੇਲ੍ਹ ਵੀ ਸੀ। ਫਿਰ 1950 ਦੇ ਦਹਾਕੇ ਵਿੱਚ ਮੁਹੰਮਦ ਰਜ਼ਾ ਪਹਿਲਵੀ ਦੇ ਰਾਜ ਦੌਰਾਨ ਹਾਈਡ ?ਰੋਕਾਰਬਨ ਸਟੋਰੇਜ ਅਤੇ ਵੰਡ ਕੇਂਦਰ ਦੀ ਨਿਰਮਾਣ ਸ਼ੁਰੂ ਹੋਈ, ਜੋ ਜਲਦੀ ਹੀ ਈਰਾਨ ਦਾ ਮੁੱਖ ਬਰਾਮਦਗੀ ਕੇਂਦਰ ਬਣ ਗਿਆ। 24 ਵਰਗ ਕਿਲੋਮੀਟਰ ਦੇ ਇਸ ਟਾਪੂ ਨੇ 1960 ਦੇ ਦਹਾਕੇ ਤੋਂ ਈਰਾਨੀ ਤੇਲ ਬਰਾਮਦਗੀ ਵਿੱਚ ਕੇਂਦਰੀ ਭੂਮਿਕਾ ਨਿਭਾਈ ਹੈ, ਜਦੋਂ ਇਸਦੇ ਢਾਂਚੇ ਅਮਰੀਕੀ ਤੇਲ ਕੰਪਨੀ ਅਮੋਕੋ ਦੀ ਹਿੱਸੇਦਾਰੀ ਨਾਲ ਵਿਕਸਤ ਕੀਤੀ ਗਈ ਸੀ। ਅਤੇ 1979 ਦੀ ਇਸਲਾਮਿਕ ਕ੍ਰਾਂਤੀ ਤੱਕ ਟਾਪੂ ਦੀ ਕੁਝ ਸੰਰਚਨਾ ਉੱਥੇ ਕੰਮ ਕਰਨ ਵਾਲੀਆਂ ਅਮਰੀਕੀ ਕੰਪਨੀਆਂ ਦੀ ਮਲਕੀਅਤ ਵਿੱਚ ਸੀ।

## 13 ਮਾਰਚ ਦੇ ਹਮਲੇ ਬਾਰੇ ਅਮਰੀਕਾ ਅਤੇ ਈਰਾਨ ਨੇ ਕੀ ਕਿਹਾ ?

13 ਮਾਰਚ ਨੂੰ ਟਰੰਪ ਨੇ ਕਿਹਾ ਕਿ ਅਮਰੀਕੀ ਸੈਂਟ ?ਰਲ ਕਮਾਂਡ (ਸੈਂਟਕੌਮ) ਨੇ ਮੱਧ-ਪੂਰਬ ਦੇ ਇਤਿਹਾਸ ਦੀਆਂ ਸਭ ਤੋਂ ਤਾਕਤਵਰ ਬੰਬਾਰੀਆਂ ਵਿੱਚੋਂ ਇੱਕ ਨੂੰ ਅੰਜਾਮ ਦਿੱਤਾ ਅਤੇ ਈਰਾਨ ਦੇ ਸਭ ਤੋਂ ਅਹਿਮ ਟਿਕਾਣੇ ਖਾਰਗ ਟਾਪੂ 'ਤੇ ਸਥਿਤ ਹਰ ਸੈਨਿਕ ਨਿਸ਼ਾਨੇ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ। ਟਰੰਪ ਨੇ ਇਹ ਵੀ ਕਿਹਾ ਕਿ ÷ਸ਼ਿਸ਼ਟਾਚਾਰ ਕਾਰਨ ਉਨ੍ਹਾਂ ਨੇ ਟਾਪੂ ਦੇ ਤੇਲ ਟਿਕਾਣਿਆਂ ਨੂੰ ਨਸ਼ਟ ਨਾ ਕਰਨ ਦਾ ਬਦਲ ਚੁਣਿਆ। ਸੈਂਟਕੌਮ ਨੇ ਕਿਹਾ ਕਿ ਅਮਰੀਕੀ ਫੌਜ ਨੇ ਖਾਰਗ ਟਾਪੂ 'ਤੇ 90 ਤੋਂ ਵੱਧ ਈਰਾਨੀ ਸੈਨਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਦਕਿ ਤੇਲ ਨਾਲ ਜੁੜੇ ਢਾਂਚੇ ਨੂੰ ਸੁਰੱਖਿਅਤ ਰੱਖਿਆ। ਈਰਾਨੀ ਸਟੇਟ ਮੀਡੀਆ ਨੇ ਰਿਪੋਰਟ ਕੀਤਾ ਕਿ ਟਾਪੂ ਦੀਆਂ ਤੇਲ ਸਹੂਲਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਫਾਰਸ ਨਿਊਜ਼ ਏਜੰਸੀ ਨੇ ਕਿਹਾ ਕਿ ਅਮਰੀਕੀ ਹਮਲੇ ਹਵਾਈ ਰੱਖਿਆ ਪ੍ਰਣਾਲੀਆਂ, ਨੇਵੀ ਬੇਸ, ਹਵਾਈ ਅੱਡੇ ਦੇ ਕੰਟ ?ਰੋਲ ਟਾਵਰ ਅਤੇ ਹੈਲੀਕਾਪਟਰ ਹੈਂਗਰ ਨੂੰ ਨਿਸ਼ਾਨਾ ਬਣਾਉਂਦੇ ਸਨ।

# ਰੂਸੀ ਫੌਜੀ ਜਹਾਜ਼ ਕਰੀਮੀਆ ਵਿਚ ਹਾਦਸਾਗ੍ਰਸਤ, ਹਾਦਸੇ ਵਿਚ 29 ਲੋਕਾਂ ਦੀ ਮੌਤ

## ਜਹਾਜ਼ 'ਚ ਸਵਾਰ ਸਨ 23 ਯਾਤਰੀ ਤੇ 6 ਚਾਲਕ ਦਲ ਦੇ ਮੈਂਬਰ

ਰੂਸ ਦਾ ਇੱਕ 1✪-26 ਫੌਜੀ ਟਰਾਂਸਪੋਰਟ ਜਹਾਜ਼ ਕਰੀਮੀਆ ਵਿਚ ਹਾਦਸਾਗ੍ਰਸਤ ਹੋ ਗਿਆ ਹੈ, ਜਿਸ ਵਿਚ 29 ਲੋਕਾਂ ਦੀ ਮੌਤ ਹੋ ਗਈ ਹੈ। ਰੂਸੀ ਰੱਖਿਆ ਮੰਤਰਾਲੇ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ 23 ਯਾਤਰੀਆਂ ਅਤੇ ਛੇ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਗਈ ਹੈ। ਇਸ ਘਟਨਾ ਵਿੱਚ ਕਿਸੇ ਦੇ ਬਚਣ ਦੀ ਕੋਈ ਰਿਪੋਰਟ ਨਹੀਂ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇਹ ਉਹੀ ਜਹਾਜ਼ ਸੀ ਜਿਸ ਨੂੰ ਰੂਸ ਨੇ 2014 ਵਿੱਚ ਯੂਕਰੇਨ ਤੋਂ ਖੋਹਿਆ ਸੀ। ਰੱਖਿਆ ਮੰਤਰਾਲੇ ਦੇ ਅਨੁਸਾਰ, ਜਹਾਜ਼ 'ਤੇ ÷ਬਾਹਰੀ ਪ੍ਰਭਾਵ ਦੇ ਕੋਈ ਸੰਕੇਤ÷ ਨਹੀਂ ਮਿਲੇ, ਜਿਸ ਦਾ ਅਰਥ ਹੈ ਕਿ ਇਸ ਨੂੰ ਯੂਕਰੇਨ ਨੇ ਨਹੀਂ ਡੇਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜਹਾਜ਼ ਨਾਲ ਸੰਪਰਕ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਟੁੱਟ ਗਿਆ ਸੀ। ਸ਼ੁਰੂਆਤੀ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਜਹਾਜ਼ ਵਿੱਚ ਤਕਨੀਕੀ ਨੁਕਸ ਆਇਆ ਹੋਣਾ।

ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਹਾਦਸਾ ਤਕਨੀਕੀ ਖਰਾਬੀ ਕਾਰਨ ਹੋਇਆ ਹੋਣ ਦੀ ਸੰਭਾਵਨਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਇੱਕ ਫੌਜੀ ਕਮਿਸ਼ਨ ਭੇਜਿਆ ਗਿਆ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਜਹਾਜ਼ 'ਤੇ ਬਾਹਰੀ ਪ੍ਰਭਾਵ ਦੇ ਕੋਈ ਸੰਕੇਤ ਨਹੀਂ ਮਿਲੇ, ਜਿਸ ਤੋਂ ਪਤਾ ਲੱਗਦਾ ਹੈ ਕਿ ਮਿਜ਼ਾਈਲਾਂ, ਡਰੋਨ ਜਾਂ ਪੰਛੀਆਂ ਦੇ ਟਕਰਾਉਣ ਵਰਗੇ ਕਾਰਕ ਸ਼ਾਮਲ ਨਹੀਂ ਸਨ।

# ਇਰਾਨ ਨੇ ਗੂਗਲ ਅਤੇ ਮਾਈਕ੍ਰੋਸਾਫ਼ਟ ਸਮੇਤ 18 ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣ ਦੀ ਦਿੱਤੀ ਧਮਕੀ

ਦੁਬਈ: ਇਰਾਨੀ ਫ਼ੌਜ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ (ਆਈ.ਆਰ.ਜੀ.ਸੀ.) ਨੇ ਮੰਗਲਵਾਰ ਨੂੰ ਕਿਹਾ ਕਿ ਉਹ 1 ਅਪ੍ਰੈਲ ਤੋਂ ਖੇਤਰ ਵਿਚ ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਣਗੇ ਜੋ ਤਹਿਰਾਨ ਉਤੇ ਹਮਲਿਆਂ 'ਚ ਮਦਦ ਕਰਦੀਆਂ ਰਹੀਆਂ ਹਨ। ਖ਼ਬਰ ਏਜੰਸੀ ਰਾਇਟਰਜ਼ ਦੀ ਖਬਰ ਮੁਤਾਬਕ ਆਈ.ਆਰ.ਜੀ.ਸੀ. ਦੀ ਧਮਕੀ ਵਿਚ ਸੂਚੀਬੱਧ 18 ਕੰਪਨੀਆਂ ਵਿਚ ਗੂਗਲ, ਮਾਈਕ੍ਰੋਸਾਫਟ, ਐਪਲ, ਇੰਟੈਲ, ਆਈ.ਬੀ.ਐਮ., ਟੈਸਲਾ ਅਤੇ ਬੋਇੰਗ ਸ਼ਾਮਲ ਹਨ। ਆਈ.ਆਰ.ਜੀ.ਸੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਬੁਧਵਾਰ 1 ਅਪ੍ਰੈਲ ਨੂੰ ਤਹਿਰਾਨ ਦੇ ਸਮੇਂ ਮੁਤਾਬਕ ਰਾਤ 8 ਵਜੇ ਤੋਂ ਇਰਾਨ ਵਿਚ ਹਰ ਅਤਿਵਾਦੀ ਕਾਰਵਾਈ ਦੇ ਬਦਲੇ ਵਿਚ ਅਪਣੀਆਂ ਇਕਾਈਆਂ ਦੇ ਤਬਾਹ ਹੋਣ ਦੀ ਉਮੀਦ ਕਰਨੀ ਚਾਹੀਦੀ ਹੈ। ਹਾਲਾਂਕਿ, ਰੈਵੋਲਿਊਸ਼ਨਰੀ ਗਾਰਡਜ਼ ਨੇ ਉਨ੍ਹਾਂ ਖਾਸ ਦੇਸ਼ਾਂ ਦਾ ਨਾਮ ਨਹੀਂ ਲਿਆ ਜਿੱਥੇ ਇਰਾਨੀ ਫੌਜ ਅਪਣੇ ਹਮਲੇ ਕਰੇਗੀ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026


# ਭਾਰਤ ਕੋਲ ਇੰਨੇ ਦਿਨਾਂ ਦਾ ਰਣਨੀਤਿਕ ਤੇਲ ਭੰਡਾਰ, ਸਰਕਾਰ ਨੇ ਕਿਹਾ ਹਾਲਾਤ ਕਾਬੂ ਹੇਠ

ਭਾਰਤ ਦੇ ਰਣਨੀਤਕ ਤੇਲ ਭੰਡਾਰ ਸਿਰਫ਼ ਪੰਜ ਦਿਨ ਦੀ ਮੰਗ ਪੂਰੀ ਕਰ ਸਕਦੇ ਹਨ ਕਿਉਂਕਿ ਕੁੱਲ ਸਮਰੱਥਾ ਦਾ ਇੱਕ-ਤਿਹਾਈ ਤੋਂ ਜ਼ਿਆਦਾ ਹਿੱਸਾ ਖਾਲੀ ਪਿਆ ਹੈ। ਇਹ ਗੱਲ ਬੀਬੀਸੀ ਦੇ ਵਿਸ਼ਲੇਸ਼ਣ 'ਚ ਸਾਹਮਣੇ ਆਈ ਹੈ। ਹਾਲਾਂਕਿ ਸਰਕਾਰ ਨੇ ਪਿਛਲੇ ਸਾਲ ਦੱਸਿਆ ਸੀ ਕਿ ਭਾਰਤ ਦੀ ਕੁੱਲ ਭੰਡਾਰਨ ਸਮਰੱਥਾ ਕਰੀਬ 74 ਦਿਨਾਂ ਦੀ ਹੈ। ਕੰਟਰੋਲਰ ਅਤੇ ਆਡੀਟਰ ਜਨਰਲ (ਸੀਏਜੀ) ਦੀ 2025 'ਚ ਜਾਰੀ ਆਡਿਟ ਰਿਪੋਰਟ ਮੁਤਾਬਕ ਇਨ੍ਹਾਂ ਭੰਡਾਰਨ ਸਹੂਲਤਾਂ ਦਾ ਸਾਲਾਂ ਤੋਂ ਪੂਰਾ ਇਸਤੇਮਾਲ ਨਹੀਂ ਹੋਇਆ ਹੈ। ਬਾਲਣ ਦੀ ਘਾਟ ਦੇ ਖਦਸ਼ਿਆਂ ਨੇ ਕਈ ਭਾਰਤੀ ਸ਼ਹਿਰਾਂ 'ਚ ਘਬਰਾਹਟ ਕਾਰਨ ਪੈਦਾ ਹੋਣ ਵਾਲੀ ਖਰੀਦ ਨੂੰ ਹੁੰਗਾਰਾ ਦਿੱਤਾ ਜਦਕਿ ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਪੈਟਰੋਲ ਅਤੇ ਡੀਜ਼ਲ ਦਾ ਲੋੜੀਂਦਾ ਭੰਡਾਰ ਮੌਜੂਦ ਹੈ। ਸਰਕਾਰ ਨੇ ਕਿਹਾ ਹੈ ਕਿ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ। ਰਾਜ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਭਰੋਸਾ ਦਵਾਇਆ ਕਿ ਭਾਰਤ ਕੋਲ ਕੱਚੇ ਤੇਲ ਦਾ ਭਰਪੂਰ ਭੰਡਾਰ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਖ-ਵੱਖ ਸਰੋਤਾਂ ਤੋਂ ਕੱਚੇ ਤੇਲ ਦੀ ਦਰਾਮਦ ਕਰਦਾ ਹੈ ਅਤੇ ਸੰਕਟ ਨਾਲ ਨਜਿੱਠਣ ਲਈ ਭੰਡਾਰਨ ਨੂੰ ਤਰਜੀਹ ਦਿੱਤੀ ਗਈ ਹੈ। ਹਾਲਾਂਕਿ ਇਸੇ ਹਫ਼ਤੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਨੇ ਰਾਜ ਸਭਾ 'ਚ ਦੱਸਿਆ ਸੀ ਕਿ ਭਾਰਤ ਦਾ ਕੱਚਾ ਤੇਲ ਦਾ ਭੰਡਾਰ ਕੁੱਲ ਸਮਰੱਥਾ ਦਾ ਕਰੀਬ 64 ਫੀਸਦ ਹੈ ।ਰਾਜ ਸਭਾ 'ਚ ਦਿੱਤੇ ਗਏ ਜਵਾਬ ਮੁਤਾਬਕ, ਭਾਰਤ ਕੋਲ ਆਂਧਰਾ ਪ੍ਰਦੇਸ਼ ਅਤੇ ਕਰਨਾਟਕ 'ਚ ਤਿੰਨ ਥਾਂਵਾਂ 'ਤੇ 5.33 ਮਿਲੀਅਨ ਮੀਟ੍ਰਿਕ ਟਨ (ਐਮਐਮਟੀ) ਕੱਚੇ ਤੇਲ ਨੂੰ ਰਣਨੀਤਕ ਭੰਡਾਰ 'ਚ ਰੱਖਣ ਦੀ ਸਮਰੱਥਾ ਹੈ। ਇਨ੍ਹਾਂ 'ਚੋਂ 3.372 ਐਮਐਮਟੀ ਅਜੇ ਭਰਿਆ ਹੋਇਆ ਹੈ ਯਾਨੀ ਸਮਰੱਥਾ ਦਾ ਇੱਕ-ਤਿਹਾਈ ਤੋਂ ਵੱਧ ਹਿੱਸਾ ਖਾਲੀ ਹੈ। ਇਨ੍ਹਾਂ ਭੰਡਾਰਾਂ ਦਾ ਪ੍ਰਬੰਧਨ ਇੰਡੀਅਨ ਸਟ ?ਰੈਟੇਜਿਕ ਪੈਟਰੋਲੀਅਮ ਰਿਜ਼ਰਵਸ ਲਿਮਟਿਡ (ਆਈਐਸਪੀਆਰਐਲ) ਕਰਦੀ ਹੈ, ਜਿਸ ਨੂੰ ਸਰਕਾਰ ਨੇ ਵਿਸ਼ੇਸ਼ ਟੀਚੇ ਲਈ ਬਣਾਇਆ ਹੈ। ਇੰਟੀਗ੍ਰੇਟੇਡ ਰਿਸਰਚ ਐਂਡ ਐਕਸ਼ਨ ਫਾਰ ਡਿਵਲਪਮੈਂਟ (ਆਈਆਰਏਡੀਈ) ਦੇ ਚੇਅਰਮੈਨ



ਅਤੇ ਯੋਜਨਾ ਆਯੋਗ ਦੇ ਸਾਬਕਾ ਮੈਂਬਰ ਕਿਰੀਟ ਪਾਰਿਖ ਨੇ ਵੀ ਬੀਬੀਸੀ ਨੂੰ ਦੱਸਿਆ, ÷ਬਿਹਤਰ ਰਣਨੀਤੀ ਇਹ ਹੋਵੇਗੀ ਕਿ ਪੈਸਾ ਖਰਚ ਕਰਕੇ ਤੇਲ ਦੀ ਮੰਗ ਨੂੰ ਤੇਜ਼ੀ ਨਾਲ ਅਤੇ ਵੱਡੇ ਪੱਧਰ 'ਤੇ ਘਟਾਇਆ ਜਾਵੇ ਮੇਰਾ ਮੰਨਣਾ ਹੈ ਕਿ ਅਜਿਹੇ ਬਦਲ ਮੌਜੂਦ ਹਨ ਜਿਨ੍ਹਾਂ ਦਾ ਇਸਤੇਮਾਲ ਕਰਕੇ ਤੁਰੰਤ ਮੰਗ ਘਟਾਈ ਜਾ ਸਕਦੀ ਹੈ। ਅਸੀਂ ਪਹਿਲਾਂ ਹੀ ਉਨ੍ਹਾਂ 'ਤੇ ਕੰਮ ਕਰ ਰਹੇ ਹਾਂ। ਸਾਨੂੰ ਸਿਰਫ਼ ਇਸਨੂੰ ਹੋਰ ਤੇਜ਼ ਕਰਨਾ ਹੋਵੇਗਾ। ਕੈਗ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਭੰਡਾਰਣ ਸਮਰੱਥਾ ਦਾ ਪੂਰਾ ਇਸਤੇਮਾਲ ਨਹੀਂ ਹੋਇਆ ਹੈ। ਵਿੱਤੀ ਸਾਲ 2024 ਵਿੱਚ, 3.98 ਐਮਐਮਟੀ ਸਮਰੱਥਾ ਵਾਲੀਆਂ ਭੂਮੀਗਤ ਚੱਟਾਨੀ ਗੁਫਾਵਾਂ ਵਿੱਚ ਸਿਰਫ਼ 2.91 ਐਮਐਮਟੀ ਕੱਚਾ ਤੇਲ ਰੱਖਿਆ ਗਿਆ ਸੀ, ਭਾਵ 27% ਹਿੱਸਾ ਖਾਲੀ ਰਿਹਾ। ਭਾਰਤ ਵਿੱਚ ਕੱਚਾ ਤੇਲ ਭੂਮੀਗਤ ਚੱਟਾਨੀ ਗੁਫਾਵਾਂ (ਰਾਕ ਕੇਵਰਨਜ਼) ਵਿੱਚ ਰੱਖਿਆ ਜਾਂਦਾ ਹੈ। ਇਹ ਗੁਫਾਵਾਂ ਚੱਟਾਨਾਂ ਵਿੱਚ ਮਨੁੱਖ ਦੁਆਰਾ ਬਣਾਏ ਗਏ ਵੱਡੇ ਸਥਾਨ ਹੁੰਦੇ ਹਨ। ਇਨ੍ਹਾਂ ਗੁਫਾਵਾਂ ਤੋਂ ਕੱਚਾ ਤੇਲ ਪਾਈਪਲਾਈਨ ਦੇ ਜ਼ਰੀਏ ਭਾਰਤੀ ਰਿਫ਼ਾਈਨਰੀਆਂ ਤੱਕ ਪਹੁੰਚਾਇਆ ਜਾਂਦਾ ਹੈ। ਆਡਿਟ ਨੇ ਭੰਡਾਰਣ ਸਮਰੱਥਾ ਵਧਾਉਣ ਦੀ ਧੀਮੀ ਪ੍ਰਗਤੀ 'ਤੇ ਵੀ ਸਵਾਲ ਉਠਾਏ ਹਨ। ਰਿਪੋਰਟ ਵਿੱਚ ਕਿਹਾ ਗਿਆ, ÷ਸਰਕਾਰ/ਆਈਐਸਪੀਆਰਐਲ ਨੇ ਸਿਰਫ਼ 5.33 ਐਮਐਮਟੀ ਦੀ ਭੰਡਾਰਣ ਸਮਰੱਥਾ ਬਣਾਈ ਹੈ, ਜੋ (ਮਾਰਚ 2024 ਤੱਕ) 7.88 ਦਿਨ ਦੇ ਦਰਾਮਦ ਨੂੰ ਕਵਰ ਕਰ ਸਕਦੀ ਹੈ, ਜਦਕਿ ਫੇਜ਼-1 ਵਿੱਚ 19 ਦਿਨਾਂ ਦੇ ਦਰਾਮਦ ਨੂੰ ਕਵਰ ਕਰਨ ਦਾ ਟੀਚਾ ਰੱਖਿਆ ਗਿਆ ਸੀ। ਬੀਬੀਸੀ ਨੇ ਇਸ ਮਾਮਲੇ 'ਤੇ ਆਈਐਸਪੀਆਰਐਲ ਨਾਲ ਸੰਪਰਕ ਕਰਕੇ ਉਸਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਵੱਲੋਂ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ। ਜਵਾਬ ਮਿਲਣ 'ਤੇ ਰਿਪੋਰਟ ਨੂੰ ਅਪਡੇਟ ਕੀਤਾ ਜਾਵੇਗਾ ।ਵਿਸ਼ਵ ਪੱਧਰ 'ਤੇ, ਅੰਤਰਰਾਸ਼ਟਰੀ ਊਰਜਾ ਏਜੰਸੀ (ਆਈਈਏ) 90 ਦਿਨ ਦੇ ਦਰਾਮਦ (ਆਯਾਤ) ਦੇ ਬਰਾਬਰ ਭੰਡਾਰ ਰੱਖਣ ਦੀ ਸਿਫ਼ਾਰਿਸ਼ ਕਰਦੀ ਹੈ। ਦਸੰਬਰ 2025 ਤੱਕ ਜਪਾਨ ਕੋਲ 208 ਦਿਨ ਦੇ ਦਰਾਮਦ ਨੂੰ ਕਵਰ ਕਰਨ ਵਾਲੇ ਭੰਡਾਰ ਸਨ, ਜਦਕਿ ਦੱਖਣੀ ਕੋਰੀਆ ਕੋਲ ਲਗਭਗ 200 ਦਿਨ ਦਾ ਸਟਾਕ ਸੀ। ਚੀਨ ਬਾਰੇ ਅਨੁਮਾਨ ਹੈ ਕਿ ਉਸਦੇ ਭੰਡਾਰ ਲਗਭਗ 120 ਦਿਨ ਦੇ ਦਰਾਮਦ ਨੂੰ ਕਵਰ ਕਰਦੇ ਹਨ। ਇਸਦੇ ਮੁਕਾਬਲੇ, ਭਾਰਤ ਦੀ ਕੁੱਲ ਭੰਡਾਰਣ ਸਮਰੱਥਾ, ਜਿਸ ਵਿੱਚ ਰਣਨੀਤਿਕ ਭੰਡਾਰ ਅਤੇ ਤੇਲ ਮਾਰਕੀਟਿੰਗ ਕੰਪਨੀਆਂ ਦੇ ਸਟਾਕ ਦੋਵੇਂ ਸ਼ਾਮਲ ਹਨ, ਕਾਫ਼ੀ ਘੱਟ ਹੈ - ਸਿਰਫ਼ 74 ਦਿਨ। ਹਾਲਾਂਕਿ, ਪਾਰਿਖ ਦੇ ਮੁਤਾਬਕ ਵੱਡੇ ਭੰਡਾਰ ਰੱਖਣਾ ਵੀ ਮਹਿੰਗਾ ਪੈਂਦਾ ਹੈ। ਉਹ ਕਹਿੰਦੇ ਹਨ, ÷ਇਸ ਸਮੇਂ, ਜਦੋਂ ਅਸੀਂ ਸੰਕਟ ਨਾਲ ਘਿਰੇ ਹੋਏ ਹਾਂ, ਭੰਡਾਰ ਵਧਾਉਣ ਦਾ ਕੋਈ ਮਤਲਬ ਨਹੀਂ ਹੈ। ਕਿਉਂਕਿ ਇਸ ਸਮੇਂ ਇਹ ਬਹੁਤ ਮਹਿੰਗਾ ਹੋਵੇਗਾ। ਜੇ ਤੁਸੀਂ 120 ਜਾਂ 110 ਡਾਲਰ ਪ੍ਰਤੀ ਬੈਰਲ ਦੀ ਦਰ ਨਾਲ ਖਰੀਦ ਰਹੇ ਹੋ, ਤਾਂ ਉਸਨੂੰ ਸਟੋਰ ਕਰਨਾ ਸਿਆਣਪ ਨਹੀਂ ਹੈ। ਸਾਨੂੰ ਭੰਡਾਰ ਉਦੋਂ ਵਧਾਉਣੇ ਚਾਹੀਦੇ ਸਨ ਜਦੋਂ ਕੀਮਤਾਂ ਵਾਕਈ ਘੱਟ ਸਨ, ਜਿਵੇਂ ਕਿ ਸੱਠ ਡਾਲਰ ਜਾਂ ਉਸ ਤੋਂ ਘੱਟ।

## ਖਾੜੀ 'ਤੇ ਵਧੇਰੇ ਨਿਰਭਰਤਾ

ਭਾਰਤ ਹਰ ਮਹੀਨੇ ਲਗਭਗ 20 ਐਮਐਮਟੀ ਪੈਟਰੋਲੀਅਮ ਉਤਪਾਦਾਂ ਦਾ ਉਪਭੋਗ ਕਰਦਾ ਹੈ, ਯਾਨੀ ਔਸਤਨ ਕਰੀਬ 0.67 ਐਮਐਮਟੀ ਰੋਜ਼ਾਨਾ। ਮੌਜੂਦਾ ਪੱਧਰ 'ਤੇ, ਰਣਨੀਤਕ ਭੰਡਾਰ ਕਰੀਬ ਪੰਜ ਦਿਨਾਂ ਲਈ ਭਰਪੂਰ ਹੁੰਦਾ ਹੈ। ਇਨ੍ਹਾਂ ਰਣਨੀਤਕ ਭੰਡਾਰਾਂ ਤੋਂ ਇਲਾਵਾ, ਸਰਕਾਰ ਨੇ ਪਿਛਲੇ ਸਾਲ ਰਾਜ ਸਭਾ 'ਚ ਦੱਸਿਆ ਸੀ ਕਿ ਤੇਲ ਕੰਪਨੀਆਂ ਕੋਲ 64.5 ਦਿਨ ਦੀ ਮੰਗ ਦੇ ਬਰਾਬਰ ਸਟਾਕ ਹੈ। ਆਈਐਸਪੀਆਰਐਲ ਦੀ ਕੁੱਲ 9.5 ਦਿਨ ਦੀ ਸਮਰੱਥਾ ਨੂੰ ਮਿਲਾ ਕੇ ਭਾਰਤ ਦੀ ਕੁੱਲ ਭੰਡਾਰਨ ਸਮਰੱਥਾ ਕਰੀਬ 74 ਦਿਨ ਦੀ ਹੈ। ਭਾਰਤ ਕੱਚੇ ਤੇਲ ਦਾ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਖਪਤਕਾਰ ਹੈ ਅਤੇ ਆਪਣੀਆਂ ਲੋੜਾਂ ਦਾ 88 ਫੀਸਦ ਤੋਂ ਵੱਧ ਦਰਾਮਦ ਕਰਦਾ ਹੈ। ਵਣਜ ਮੰਤਰਾਲੇ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ 2025 'ਚ ਭਾਰਤ ਦੇ ਕੱਚੇ ਤੇਲ ਦੀ ਦਰਾਮਦ ਦਾ 50 ਫੀਸਦ ਤੋਂ ਵੱਧ ਹਿੱਸਾ ਮੱਧ-ਪੂਰਬ ਤੋਂ ਆਇਆ ਸੀ। ਮੁੱਖ ਤੌਰ 'ਤੇ ਇਰਾਕ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਤੋਂ। ਸਾਲ 2019 ਤੋਂ 2022 ਵਿਚਾਲੇ ਇਹ ਨਿਰਭਰਤਾ 60 ਫੀਸਦ ਤੋਂ ਵੀ ਉੱਪਰ ਚਲੀ ਗਈ ਸੀ। ਇਸ ਭਾਰੀ ਨਿਰਭਰਤਾ ਨੂੰ ਦੇਖਦਿਆਂ, ਖੇਤਰ 'ਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ, ਸਪਲਾਈ ਨੂੰ ਪ੍ਰਭਾਵਿਤ ਕਰ ਸਕਦੀ ਹੈ। ਰਣਨੀਤਕ ਭੰਡਾਰ ਅਜਿਹੇ ਹੀ ਹਾਲਾਤ ਜਾਂ ਅਚਾਨਕ ਕੀਮਤਾਂ 'ਚ ਉਛਾਲ ਦੇ ਸਮੇਂ ਇੱਕ ਸੁਰੱਖਿਅਤ ਬਦਲ ਵੱਜੋਂ ਕੰਮ ਲਿਆਉਣ ਲਈ ਬਣਾਏ ਗਏ ਹਨ। ਰੇਟਿੰਗ ਏਜੰਸੀ ਆਈਸੀਆਰਏ ਦੇ ਸੀਨੀਅਰ ਉਪ ਪ੍ਰਧਾਨ ਪ੍ਰਸ਼ਾਂਤ ਵਸ਼ਿਸ਼ਟ ਨੇ ਬੀਬੀਸੀ ਨੂੰ ਕਿਹਾ, ਸਾਡੇ ਰਣਨੀਤਕ ਭੰਡਾਰ ਕਾਫੀ ਘੱਟ ਹਨ ਅਤੇ ਜਿਵੇਂ ਊਰਜਾ ਮੰਤਰੀ ਨੇ ਕਿਹਾ ਕਿ ਰਣਨੀਤਕ ਅਤੇ ਆਪ੍ਰੇਸ਼ਨਲ ਭੰਡਾਰ ਮਿਲਾ ਕੇ, ਇਹ ਕਰੀਬ 74 ਦਿਨਾਂ ਦਾ ਹੈ। ਇਹ ਇੱਕ ਕਮਜ਼ੋਰੀ ਹੈ ਕਿਉਂਕਿ ਅਸੀਂ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰ ਹਾਂ। ਸਮੇਂ ਦੇ ਨਾਲ ਮੇਰਾ ਮੰਨਣਾ ਹੈਕਿ ਸਰਕਾਰ ਨੇ ਸਮਰੱਥਾ ਵਧਾਈ ਹੈ ਅਤੇ ਇਸ ਨੂੰ ਹੋਰ ਵਧਾਉਣ ਦੀ ਯੋਜਨਾ ਵੀ ਹੈ। ਭਾਰਤ ਦੀ ਅੱਗੇ ਦੀ ਰਣਨੀਤੀ 'ਤੇ ਵਸ਼ਿਸ਼ਟ ਕਹਿੰਦੇ ਹਨ, ਪਹਿਲਾ ਹੈ ਆਪ੍ਰੇਸ਼ਨ ਅਤੇ ਰਣਨੀਤਕ ਭੰਡਾਰ ਨੂੰ ਵਧਾਉਣਾ। ਦੂਜਾ ਹੈ ਨਵੀਨਯੋਗ ਸਰੋਤਾਂ 'ਤੇ ਨਿਰਭਰਤਾ ਵਧਾਉਣਾ। ਤੀਜਾ ਹੈ ਆਪਣੇ ਘਰੇਲੂ ਤੇਲ ਅਤੇ ਗੈਸ ਖੇਤਰ ਨੂੰ ਮਜਬੂਤ ਕਰਨਾ ਤਾਂ ਜੋ ਉਤਪਾਦਨ ਵਧ ਸਕੇ।

# ਕੁਵੈਤ ਵਿੱਚ ਈਰਾਨੀ ਹਮਲਿਆਂ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ

## 28 ਫਰਵਰੀ ਨੂੰ ਸ਼ੁਰੂ ਹੋਏ ਸੰਘਰਸ਼ ਤੋਂ ਬਾਅਦ ਉਹ ਜ਼ਮੀਨ 'ਤੇ ਮਾਰਿਆ ਜਾਣ ਵਾਲਾ ਪਹਿਲਾ ਭਾਰਤੀ ਨਾਗਰਿਕ ਹੈ।

ਦੁਬਈ: ਮੱਧ ਪੂਰਬ ਵਿੱਚ ਇੱਕ ਮਹੀਨੇ ਤੋਂ ਚੱਲ ਰਹੇ ਸੰਘਰਸ਼ ਦੇ ਵਿਚਕਾਰ, ਐਤਵਾਰ ਨੂੰ ਕੁਵੈਤ ਵਿੱਚ ਇੱਕ ਬਿਜਲੀ ਅਤੇ ਪਾਣੀ ਦੇ ਡੀਸੈਲੀਨੇਸ਼ਨ ਪਲਾਂਟ 'ਤੇ ਈਰਾਨੀ ਹਮਲੇ ਦੌਰਾਨ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ। ਇਸ ਘਟਨਾ ਦੇ ਨਾਲ, ਮੱਧ ਪੂਰਬ ਵਿੱਚ ਇਸ ਯੁੱਧ ਵਿੱਚ ਮਾਰੇ ਗਏ ਭਾਰਤੀ ਨਾਗਰਿਕਾਂ ਦੀ ਮੌਤ ਦੀ ਗਿਣਤੀ ਅੱਠ ਹੋ ਗਈ ਹੈ। ਸਰਕਾਰੀ ਨਿਊਜ਼ ਏਜੰਸੀ 'ਕੁਨਾ' ਦੇ ਅਨੁਸਾਰ, ਕੁਵੈਤ ਦੇ ਬਿਜਲੀ, ਪਾਣੀ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਨੇ ਦੱਸਿਆ ਕਿ ਹਮਲੇ ਦੌਰਾਨ ਉਸਦੇ ਬਿਜਲੀ ਅਤੇ ਪਾਣੀ ਦੇ ਇਲਾਜ ਪਲਾਂਟ ਕੰਪਲੈਕਸ ਦੇ ਅੰਦਰ ਇੱਕ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ। 28 ਫਰਵਰੀ ਨੂੰ ਈਰਾਨ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਟਕਰਾਅ ਸ਼ੁਰੂ ਹੋਣ ਤੋਂ ਬਾਅਦ ਉਹ ਜ਼ਮੀਨ 'ਤੇ ਮਾਰੇ ਜਾਣ ਵਾਲੇ ਪਹਿਲੇ ਭਾਰਤੀ ਨਾਗਰਿਕ ਹਨ। ਮੌਤ ਦੀ ਪੁਸ਼ਟੀ ਕਰਦੇ ਹੋਏ, ਕੁਵੈਤ ਵਿੱਚ ਭਾਰਤੀ ਦੂਤਾਵਾਸ ਨੇ ਭਾਰਤੀ ਨਾਗਰਿਕ ਦੀ ÷ਦੁਖਦਾਈ ਮੌਤ÷ 'ਤੇ ÷ਡੂੰਘੀ ਸੰਵੇਦਨਾ÷ ਪ੍ਰਗਟ ਕੀਤੀ। ਦੂਤਾਵਾਸ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਰਾਜਦੂਤ ਪਰਮਿਤਾ ਤ੍ਰਿਪਾਠੀ ਨੇ ਸੋਮਵਾਰ ਨੂੰ ਕੁਵੈਤ ਦੇ ਕੇਂਦਰੀ ਮੁਰਦਾਘਰ ਦਾ ਦੌਰਾ ਕੀਤਾ। ਇਹ ਉਹੀ ਜਗ ?ਹਾ ਸੀ ਜਿੱਥੇ ਪਾਣੀ ਦੇ ਡੀਸੈਲੀਨੇਸ਼ਨ ਪਲਾਂਟ 'ਤੇ ਹਮਲੇ ਵਿੱਚ ਆਪਣੀ ਜਾਨ ਗੁਆਉਣ ਵਾਲੇ ਭਾਰਤੀ ਨਾਗਰਿਕ ਦੀ ਲਾਸ਼ ਲਿਆਂਦੀ ਗਈ ਸੀ। ਮ੍ਰਿਤਕਾਂ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕੀਤੇ ਬਿਨਾਂ, ਦੂਤਾਵਾਸ ਨੇ ਕਿਹਾ, ÷ਦੂਤਾਵਾਸ ਮ੍ਰਿਤਕ ਭਾਰਤੀ ਨਾਗਰਿਕ ਦੇ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਹੈ ਅਤੇ ਲਾਸ਼ ਦੀ ਜਲਦੀ ਵਾਪਸੀ ਲਈ ਕੁਵੈਤੀ ਅਧਿਕਾਰੀਆਂ ਨਾਲ ਤਾਲਮੇਲ ਕਰ ਰਿਹਾ ਹੈ। ਅਧਿਕਾਰੀਆਂ ਨੇ ਇਸ ਘਟਨਾ ਨੂੰ ਬਰਬਰ ਹਮਲਾ ਕਰਾਰ ਦਿੱਤਾ ਹੈ। ਹਾਲਾਂਕਿ, ਨਿਸ਼ਾਨਾ ਬਣਾਏ ਗਏ ਖਾਸ ਪਲਾਂਟ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਕੁਵੈਤ ਦੇ ਬਿਜਲੀ, ਪਾਣੀ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੀ ਬੁਲਾਰਾ ਫਾਤਿਮਾ ਜੌਹਰ ਹਯਾਤ ਨੇ ਵੀ ਹਮਲੇ ਵਿੱਚ ਭਾਰਤੀ ਨਾਗਰਿਕ ਦੀ ਮੌਤ ਦੀ ਪੁਸ਼ਟੀ ਕੀਤੀ। ਉਸਨੇ ਕਿਹਾ ਕਿ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਅਤੇ ਪ੍ਰਭਾਵ ਨੂੰ ਘਟਾਉਣ ਲਈ ਤਕਨੀਕੀ ਅਤੇ ਐਮਰਜੈਂਸੀ ਪ੍ਰਤੀਕਿਰਿਆ ਟੀਮਾਂ ਨੂੰ ਤੁਰੰਤ ਘਟਨਾ ਸਥਾਨ 'ਤੇ ਤਾਇਨਾਤ ਕੀਤਾ ਗਿਆ ਸੀ। ਹਯਾਤ ਦੇ ਅਨੁਸਾਰ, ਮਾਹਰ ਟੀਮਾਂ ਇਸ ਸਮੇਂ ਨੁਕਸਾਨੇ ਗਏ ਕੰਪਲੈਕਸ ਨੂੰ ਸੁਰੱਖਿਅਤ ਕਰਨ ਵਿੱਚ ਰੁੱਝੀਆਂ ਹੋਈਆਂ ਹਨ, ਸੁਰੱਖਿਆ ਏਜੰਸੀਆਂ ਅਤੇ ਹੋਰ ਸਬੰਧਤ ਵਿਭਾਗਾਂ ਨਾਲ ਤਾਲਮੇਲ ਵਿੱਚ ਕੰਮ ਕਰ ਰਹੀਆਂ ਹਨ। ਪਿਛਲੇ ਹਫ਼ਤੇ, ਸੰਯੁਕਤ ਅਰਬ ਅਮੀਰਾਤ ਵਿੱਚ ਦੇਸ਼ ਦੇ ਹਵਾਈ ਰੱਖਿਆ ਪ੍ਰਣਾਲੀ ਦੁਆਰਾ ਰੋਕੀਆਂ ਗਈਆਂ ਮਿਜ਼ਾਈਲਾਂ ਦਾ ਮਲਬਾ ਸੜਕ 'ਤੇ ਡਿੱਗਣ ਨਾਲ ਮਾਰੇ ਗਏ ਦੋ ਲੋਕਾਂ ਵਿੱਚ ਇੱਕ ਭਾਰਤੀ ਨਾਗਰਿਕ ਵੀ ਸ਼ਾਮਲ ਸੀ। 18 ਮਾਰਚ ਨੂੰ ਰਿਆਧ 'ਤੇ ਈਰਾਨੀ ਹਮਲੇ ਵਿੱਚ ਇੱਕ ਹੋਰ ਭਾਰਤੀ ਨਾਗਰਿਕ ਮਾਰਿਆ ਗਿਆ ਸੀ। 13 ਮਾਰਚ ਨੂੰ ਓਮਾਨ ਦੇ ਸੋਹਰ ਸ਼ਹਿਰ ਵਿੱਚ ਇੱਕ ਡਰੋਨ ਹਮਲੇ ਵਿੱਚ ਦੋ ਭਾਰਤੀ ਨਾਗਰਿਕ ਮਾਰੇ ਗਏ ਸਨ ਅਤੇ 10 ਹੋਰ ਜ਼ਖਮੀ ਹੋ ਗਏ ਸਨ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348 | Website: www.preetnama.com Email preetnamausa@gmail.com | 03 APRIL TO 09 APRIL, 2026



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREETNAMA ONLINE AND PRINT MEDIA KHARA SACH
CHIEF EDITOR : PRITPAL KAUR +1 201-312-4180
Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

**We promote your business worldwide.**
**We promote and do coverage all Kind Events.**


Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website WWW.PREETNEWS.COM
Chief Editor Pritpal Kaur +1 201-312-4180
Vol 4, Issue 330 Website: www.preetnama.com Email preetnamausa@gmail.com 28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina


Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਨਿਊਯਾਰਕ ਪ੍ਰੀਤਨਾਮਾ ਖ਼ਰਾ ਸੱਚ
Online and Print Media +1 201-312-4180 +1 917-328-8436
ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੂਕ ਕਰ ਰਹੀ ਹੈ ?

ਕੀ ਭਾਜਪਾ ਨੂੰ ਵਿਧਾਨ ਸਭਾ ਚੋਣਾਂ 'ਚ ਹੋ ਸਕਦਾ ਹੈ ਨੁਕਸਾਨ

## Pritpal Kaur (CEO and Founder)

001 (201) 312 4180

**Email: Preetnamausa@gmail.com,**
**www.preetnama.com www.preetnews.com**

# ਸਟਰੇਟ ਆਫ਼ ਹੋਰਮੁਜ਼ ਤੋਂ ਬਾਅਦ ਕੀ ਹੁਣ ਲਾਲ ਸਾਗਰ ਤੋਂ ਵੀ ਤੇਲ ਦੀ ਆਵਾਜਾਈ 'ਤੇ ਅਸਰ ਪੈਣ ਵਾਲਾ ਹੈ ?



ਊਰਜਾ ਅਤੇ ਹੋਰ ਜ਼ਰੂਰੀ ਸਮਾਨ ਦੀ ਸਪਲਾਈ ਦਾ ਇੱਕ ਅਹਿਮ ਮਾਰਗ 'ਰੈੱਡ ਸੀਅ' (ਲਾਲ ਸਾਗਰ) ਹੈ ਅਤੇ ਇਸ ਰਾਹੀਂ ਦੁਨੀਆ ਦਾ ਲਗਭਗ 15% ਸਮੁੰਦਰੀ ਵਪਾਰ ਹੁੰਦਾ ਹੈ। ਯਮਨ ਦੇ ਹੂਤੀ ਸਮੂਹ ਦੇ ਈਰਾਨ-ਇਜ਼ਰਾਈਲ-ਅਮਰੀਕਾ ਜੰਗ ਵਿੱਚ ਸ਼ਾਮਲ ਹੋਣ ਨਾਲ ਇਸ ਸਮੁੰਦਰੀ ਮਾਰਗ ਰਾਹੀਂ ਹੋਣ ਵਾਲਾ ਵਪਾਰ ਵੀ ਖਤਰੇ 'ਚ ਪੈ ਸਕਦਾ ਹੈ, ਜੋ ਪਹਿਲਾਂ ਵੀ ਹੂਤੀ ਲੜਾਕਿਆਂ ਦੇ ਨਿਸ਼ਾਨੇ 'ਤੇ ਰਿਹਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਦੁਨੀਆ ਭਰ ਦੇ ਸਾਹਮਣੇ ਇੱਕ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ, ਕਿਉਂਕਿ ਹੋਰਮੁਜ਼ ਸਟ ?ਰੇਟ ਦੀ ਈਰਾਨੀ ਨਾਕਾਬੰਦੀ ਨੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ ਅਤੇ ਕਈ ਦੇਸ਼ਾਂ ਦੇ ਸਾਹਮਣੇ ਸੰਕਟ ਪੈਦਾ ਹੋ ਗਿਆ ਹੈ। ਹੋਰਮੁਜ਼ ਸਟਰੇਟ ਰਾਹੀਂ ਵਿਸ਼ਵ ਭਰ ਦੀ ਊਰਜਾ ਸਪਲਾਈ ਦਾ ਲਗਭਗ 20% ਹਿੱਸਾ ਗੁਜ਼ਰਦਾ ਰਿਹਾ ਹੈ, ਜੋ ਇਸ ਵੇਲੇ ਕਾਫ਼ੀ ਹੱਦ ਤੱਕ ਬੰਦ ਹੈ ਅਤੇ ਇਸ ਦੀ ਕੁਝ ਭਰਪਾਈ ਰੈੱਡ ਸੀਅ ਰਾਹੀਂ ਹੋ ਰਹੀ ਹੈ।

**ਹੂਤੀ ਸਮੂਹ ਤੋਂ ਕਿੰਨਾ ਵੱਡਾ ਖ਼ਤਰਾ**

ਹਮਾਸ ਨੂੰ ਸਮਰਥਨ ਦੇ ਤੌਰ 'ਤੇ ਇਸ ਗਰੁੱਪ ਨੇ ਰੈੱਡ ਸੀਅ ਦੇ ਦੱਖਣੀ ਸਿਰੇ 'ਤੇ, ਯਮਨ ਅਤੇ ਹਾਰਨ ਆਫ਼ ਅਫਰੀਕਾ ਦੇ ਵਿਚਕਾਰ ਸਥਿਤ ਬਾਬ ਅਲ-ਮੰਦੇਬ ਸਟ ?ਰੇਟ ਰਾਹੀਂ ਲੰਘਣ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਦੇ ਇਸ ਕਦਮ ਨਾਲ ਉਸ ਅਹਿਮ ਵਪਾਰਕ ਸਮੁੰਦਰੀ ਮਾਰਗ 'ਤੇ ਖ਼ਤਰਾ ਪੈਦਾ ਹੋ ਗਿਆ ਸੀ। ਜੇ ਉਹ ਦੁਬਾਰਾ ਅਜਿਹਾ ਕਰਦੇ ਹਨ, ਤਾਂ ਇਹ ਵਿਸ਼ਵ ਦੀ ਅਰਥਵਿਵਸਥਾ ਲਈ ਇੱਕ ਹੋਰ ਵੱਡਾ ਝਟਕਾ ਹੋਵੇਗਾ। ਈਰਾਨ ਨੇ ਹੋਰਮੁਜ਼ ਸਟ ?ਰੇਟ ਨੂੰ ਲਗਭਗ ਬੰਦ ਕਰ ਦਿੱਤਾ ਹੈ। ਹੁਣ ਹੂਤੀ ਲੜਾਕਿਆਂ ਕਰਕੇ ਵਪਾਰ ਅਤੇ ਊਰਜਾ ਸਪਲਾਈ ਲਈ ਬਹੁਤ ਜ਼ਰੂਰੀ ਦੁਨੀਆ ਦੇ ਦੋ ਮੁੱਖ ਰਣਨੀਤਿਕ ਜਲ ਮਾਰਗ ਵੀ ਪੂਰੀ ਤਰ੍ਹਾਂ ਬੰਦ ਹੋ ਸਕਦੇ ਹਨ। ਹੂਤੀ ਆਪਣੇ ਖਾੜੀ ਅਰਬ ਗੁਆਂਢੀ ਦੇਸ਼ਾਂ, ਜਿਵੇਂ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੇ ਊਰਜਾ ਅਤੇ ਫੌਜੀ ਬੁਨਿਆਦੀ ਢਾਂਚੇ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ, ਜਿਵੇਂ ਕਿ ਉਨ੍ਹਾਂ ਨੇ ਪਹਿਲਾਂ ਵੀ ਕੀਤਾ ਹੈ। ਜਦੋਂ ਹੂਤੀਆਂ ਨੇ ਪਹਿਲਾਂ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਸੀ, ਤਾਂ ਉਨ੍ਹਾਂ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਜ਼ੋਰਦਾਰ ਹਵਾਈ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਹਮਲਿਆਂ ਦਾ ਮਕਸਦ ਹੂਤੀਆਂ ਦੀ ਅਗਵਾਈ ਅਤੇ ਫੌਜੀ ਸਮਰੱਥਾ ਨੂੰ ਨਸ਼ਟ ਕਰਨ ਦਾ ਸੀ।

ਪਰ ਅਜਿਹਾ ਲੱਗਦਾ ਹੈ ਕਿ ਹੂਤੀ ਉਨ੍ਹਾਂ ਹਮਲਿਆਂ ਤੋਂ ਉੱਭਰ ਗਏ ਹਨ। ਹੁਣ ਸਵਾਲ ਇਹ ਹੈ ਕਿ ਉਹ ਕਿਸ ਹੱਦ ਤੱਕ ਅੱਗੇ ਜਾਣ ਲਈ ਤਿਆਰ ਹਨ। ਜਦੋਂ ਉਨ੍ਹਾਂ ਨੇ ਹਮਾਸ ਅਤੇ ਫ਼ਲਸਤੀਨੀਆਂ ਦੇ ਸਮਰਥਨ ਵਿੱਚ ਹਮਲੇ ਕੀਤੇ ਸਨ, ਤਾਂ ਉਨ੍ਹਾਂ ਨੂੰ ਆਪਣੇ ਦੇਸ਼ ਅਤੇ ਆਪਣੇ ਖੇਤਰ ਵਿੱਚ ਕੁਝ ਹੱਦ ਤੱਕ ਸਰਾਹਿਆ ਗਿਆ ਸੀ। ਪਰ ਈਰਾਨ ਲਈ ਅਜਿਹਾ ਕਰਨਾ ਇੱਕ ਬਿਲਕੁਲ ਵੱਖਰੀ ਗੱਲ ਹੋ ਸਕਦੀ ਹੈ। ਇਸ ਵਿੱਚ ਇੱਕ ਮੁੱਦਾ ਖੁਦ ਯਮਨ ਦਾ ਵੀ ਹੈ, ਜਿੱਥੇ ਸਾਲਾਂ ਦੀ ਉਥਲ-ਪੁਥਲ ਅਤੇ ਜੰਗ ਤੋਂ ਬਾਅਦ, ਪਿਛਲੇ ਕੁਝ ਸਮੇਂ ਤੋਂ ਕਾਫ਼ੀ ਹੱਦ ਤੱਕ ਸ਼ਾਂਤੀ ਬਣੀ ਹੋਈ ਹੈ।

ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੇ ਯੁੱਧ ਵਿੱਚ ਹੂਤੀ ਲੜਾਕਿਆਂ ਦੀ ਫੌਜੀ ਭਾਗੀਦਾਰੀ ਵਧਣ ਨਾਲ ਯਮਨ ਦੇ ਆਪਣੇ ਅੰਦਰੂਨੀ ਸੰਘਰਸ਼ ਵਿੱਚ ਮੁੜ ਹਿੰਸਾ ਭੜਕ ਸਕਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜੇ ਹੂਤੀ ਆਪਣੇ ਹਮਲੇ ਜਾਰੀ ਰੱਖਦੇ ਹਨ ਅਤੇ ਉਨ੍ਹਾਂ ਨੂੰ ਹੋਰ ਤੇਜ਼ ਕਰਦੇ ਹਨ, ਤਾਂ ਇਹ ਇਸ ਯੁੱਧ ਦੇ ਹੋਰ ਫੈਲਣ ਦਾ ਸੰਕੇਤ ਹੋਵੇਗਾ। ਸ਼ਨੀਵਾਰ ਨੂੰ ਬਾਅਦ ਵਿੱਚ ਹੂਤੀ ਸਮੂਹ ਨੇ ਇਜ਼ਰਾਈਲ ਖ਼ਿਲਾਫ਼ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੀ ਦੂਜੀ ਖੇਪ ਲਾਂਚ ਕਰਨ ਦਾ ਦਾਅਵਾ ਕੀਤਾ।

**ਰੈੱਡ ਸੀਅ ਦਾ ਸਮੁੰਦਰੀ ਮਾਰਗ ਕਿੰਨਾ ਅਹਿਮ**

ਇਜ਼ਰਾਈਲ ਅਤੇ ਯਮਨ ਵਿਚਕਾਰ ਦੂਰੀ ਕਾਫ਼ੀ ਜ਼ਿਆਦਾ ਹੈ ਅਤੇ ਇਜ਼ਰਾਈਲ ਪਹਿਲਾਂ ਵੀ ਹੂਤੀ ਮਿਜ਼ਾਇਲਾਂ ਨੂੰ ਰੋਕਣ ਵਿੱਚ ਸਫਲ ਰਿਹਾ ਹੈ। ਪਰ ਇਸ ਹਥਿਆਰਬੰਦ ਸਮੂਹ ਨੇ ਪਹਿਲਾਂ ਬਾਬ ਅਲ-ਮੰਦੇਬ ਸਟ ?ਰੇਟ ਵਿੱਚ ਜਹਾਜ਼ਾਂ 'ਤੇ ਹਮਲੇ ਕੀਤੇ ਹਨ। ਇਸ ਰਸਤੇ ਦਾ ਇਸਤੇਮਾਲ ਹਿੰਦ ਮਹਾਂਸਾਗਰ ਤੋਂ ਰੈੱਡ ਸੀਅ ਅਤੇ ਆਖ਼ ?ਰ ਵਿੱਚ ਸੁਏਜ਼ ਨਹਿਰ ਤੱਕ ਪਹੁੰਚਣ ਲਈ ਕੀਤਾ ਜਾਂਦਾ ਹੈ।

ਸੁਏਜ਼ ਨਹਿਰ ਏਸ਼ੀਆ ਅਤੇ ਯੂਰਪ ਵਿਚਕਾਰ ਸਭ ਤੋਂ ਤੇਜ਼ ਸਮੁੰਦਰੀ ਮਾਰਗ ਹੈ ਅਤੇ ਇਹ ਤੇਲ ਅਤੇ ਲਿਕਵੀਫਾਈਡ ਨੇਚੁਰਲ ਗੈਸ (ਐਲਐਨਜੀ) ਦੀ ਢੁਆਈ ਲਈ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਨਵੰਬਰ 2023 ਤੋਂ 2025 ਦੀ ਸ਼ੁਰੂਆਤ ਤੱਕ ਹੂਤੀ ਸਮੂਹ ਨੇ ਰੈੱਡ ਸੀਅ ਵਿੱਚ ਜਹਾਜ਼ਾਂ 'ਤੇ ਲਗਭਗ 200 ਹਮਲੇ ਕੀਤੇ, ਜਿਸ ਨਾਲ 30 ਤੋਂ ਵੱਧ ਜਹਾਜ਼ਾਂ ਨੂੰ ਨੁਕਸਾਨ ਪਹੁੰਚਿਆ ਅਤੇ ਘੱਟੋ-ਘੱਟ ਇੱਕ ਜਹਾਜ਼ ਨੂੰ ਅਗਵਾ ਕਰ ਲਿਆ ਗਿਆ। ਇਨ੍ਹਾਂ ਹਮਲਿਆਂ ਕਾਰਨ ਵੱਡੀਆਂ ਸ਼ਿਪਿੰਗ ਕੰਪਨੀਆਂ ਨੂੰ ਵੀ ਰੈੱਡ ਸੀਅ ਦਾ ਇਸਤੇਮਾਲ ਬੰਦ ਕਰਨਾ ਪਿਆ। ਇਸ ਸਮੁੰਦਰੀ ਮਾਰਗ ਰਾਹੀਂ ਆਮ ਤੌਰ 'ਤੇ ਦੁਨੀਆ ਦਾ ਲਗਭਗ 15% ਸਮੁੰਦਰੀ ਵਪਾਰ ਹੁੰਦਾ ਹੈ। ਹੋਰਮੁਜ਼ ਸਟ ?ਰੇਟ ਨੂੰ ਲੈ ਕੇ ਈਰਾਨ ਦੀ ਨਾਕਾਬੰਦੀ ਤੋਂ ਬਾਅਦ ਰੈੱਡ ਸੀਅ ਦਾ ਮਾਰਗ ਕਾਫ਼ੀ ਅਹਿਮ ਹੋ ਗਿਆ ਹੈ, ਅਜਿਹੇ ਵਿੱਚ ਇਸ ਸਮੁੰਦਰੀ ਮਾਰਗ ਦਾ ਸੰਕਟ ਦੁਨੀਆ ਦੇ ਸਾਹਮਣੇ ਅਰਥਵਿਵਸਥਾ ਦੀ ਨਵੀਂ ਸਮੱਸਿਆ ਖੜ੍ਹੀ ਕਰ ਸਕਦਾ ਹੈ। ਹੂਤੀ ਸਮੂਹ ਦੇ ਹਮਲਿਆਂ ਤੋਂ ਬਾਅਦ ਜਹਾਜ਼ਾਂ ਨੂੰ ਦੱਖਣੀ ਅਫ਼ਰੀਕਾ ਦਾ ਚੱਕਰ ਲਗਾਉਂਦੇ ਹੋਏ ਇੱਕ ਬਹੁਤ ਲੰਮਾ ਰਾਹ ਅਪਣਾਉਣਾ ਪਿਆ। ਇਨ੍ਹਾਂ ਹਮਲਿਆਂ ਤੋਂ ਬਾਅਦ, ਜਨਵਰੀ 2024 ਅਤੇ ਮਾਰਚ 2025 ਵਿੱਚ ਅਮਰੀਕਾ ਅਤੇ ਬ੍ਰਿਟੇਨ ਨੇ ਯਮਨ ਵਿੱਚ ਹੂਤੀ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ।

**ਕੌਣ ਹਨ ਹੂਤੀ ਬਾਗ਼ੀ ?**

ਹੂਤੀ, ਯਮਨ ਦੇ ਘੱਟ ਗਿਣਤੀ ਸ਼ੀਆ 'ਜ਼ੈਦੀ' ਭਾਈਚਾਰੇ ਦਾ ਇੱਕ ਹਥਿਆਰਬੰਦ ਸਮੂਹ ਹੈ। ਇਸ ਭਾਈਚਾਰੇ ਨੇ 1990 ਦੇ ਦਹਾਕੇ ਵਿੱਚ ਤਤਕਾਲੀ ਰਾਸ਼ਟਰਪਤੀ ਅਲੀ ਅਬਦੁੱਲਾ ਸਾਲੇਹ ਦੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਲੜਨ ਲਈ ਇਹ ਸਮੂਹ ਬਣਾਇਆ ਸੀ। ਇਨ੍ਹਾਂ ਦਾ ਨਾਮ ਇਨ੍ਹਾਂ ਦੇ ਅੰਦੋਲਨ ਦੇ ਸੰਸਥਾਪਕ ਹੁਸੈਨ ਅਲ-ਹੂਤੀ ਦੇ ਨਾਮ 'ਤੇ ਪਿਆ ਹੈ। ਉਹ ਆਪਣੇ ਆਪ ਨੂੰ 'ਅੰਸਾਰ ਅੱਲ੍ਹਾ' ਭਾਵ ਰੱਬ ਦੇ ਸਾਥੀ ਵੀ ਕਹਿੰਦੇ ਹਨ। ਸਾਲ 2003 ਵਿੱਚ ਇਰਾਕ ਉੱਤੇ ਅਮਰੀਕਾ ਦੀ ਅਗਵਾਈ ਵਾਲੇ ਹਮਲੇ ਦੌਰਾਨ, ਹੂਤੀ ਬਾਗੀਆਂ ਨੇ ਨਾਅਰਾ ਦਿੱਤਾ ਸੀ- ÷ਰੱਬ ਮਹਾਨ ਹੈ। ਅਮਰੀਕਾ ਦਾ ਖਾਤਮਾ ਹੋਵੇ, ਇਜ਼ਰਾਈਲ ਦਾ ਖਾਤਮਾ ਹੋਵੇ। ਯਹੂਦੀ ਤਬਾਹ ਹੋ ਜਾਣ ਅਤੇ ਇਸਲਾਮ ਦੀ ਜਿੱਤ ਹੋਵੇ। ਉਨ੍ਹਾਂ ਨੇ ਆਪਣੇ ਆਪ ਨੂੰ ਹਮਾਸ ਅਤੇ ਹਿਜ਼ਬੁੱਲਾ ਦੇ ਨਾਲ ਮਿਲਕੇ ਇਜ਼ਰਾਈਲ, ਅਮਰੀਕਾ ਅਤੇ ਪੱਛਮ ਦੇ ਵਿਰੁੱਧ ਈਰਾਨ ਦੀ ਅਗਵਾਈ ਵਾਲੇ ÷ਵਿਰੋਧ ਦੇ ਧੁਰੇ÷ ਦਾ ਹਿੱਸਾ ਦੱਸਿਆ ਸੀ। ਹੂਤੀ ਬਾਗ਼ੀ ਲੇਬਨਾਨ ਦੇ ਹਥਿਆਰਬੰਦ ਸ਼ੀਆ ਸਮੂਹ ਹਿਜ਼ਬੁੱਲਾ ਦੇ ਮਾਡਲ ਤੋਂ ਪ੍ਰੇਰਨਾ ਲੈਂਦੇ ਹਨ। ਹੂਤੀ ਆਪਣੇ ਆਪ ਨੂੰ ਈਰਾਨ ਦੇ ਸਹਿਯੋਗੀ ਵੀ ਕਹਿੰਦੇ ਹਨ ਕਿਉਂਕਿ ਉਨ੍ਹਾਂ ਦਾ ਸਾਂਝਾ ਦੁਸ਼ਮਣ ਸਾਊਦੀ ਅਰਬ ਹੈ। ਇਹ ਖਦਸ਼ਾ ਵੀ ਜਤਾਇਆ ਜਾਂਦਾ ਹੈ ਕਿ ਈਰਾਨ ਹੂਤੀ ਬਾਗੀਆਂ ਨੂੰ ਹਥਿਆਰ ਵੀ ਮੁਹੱਈਆ ਕਰਵਾ ਰਿਹਾ ਹੈ।

ਅਮਰੀਕਾ ਅਤੇ ਸਾਊਦੀ ਅਰਬ ਕਹਿੰਦੇ ਹਨ ਕਿ ਈਰਾਨ ਨੇ ਹੂਤੀ ਬਾਗੀਆਂ ਨੂੰ ਬੈਲਿਸਟਿਕ ਮਿਜ਼ਾਇਲਾਂ ਨਾਲ ਲੈਸ ਕੀਤਾ ਸੀ, ਜਿਨ੍ਹਾਂ ਦਾ ਇਸਤੇਮਾਲ ਸਾਲ 2017 ਵਿੱਚ ਸਾਊਦੀ ਅਰਬ ਦੀ ਰਾਜਧਾਨੀ ਰਿਆਦ 'ਤੇ ਹਮਲਾ ਕਰਨ ਲਈ ਕੀਤਾ ਗਿਆ ਸੀ। ਇਨ੍ਹਾਂ ਮਿਜ਼ਾਇਲਾਂ ਨੂੰ ਹਵਾ ਵਿੱਚ ਹੀ ਮਾਰ ਦਿੱਤਾ ਗਿਆ ਸੀ। ਹੂਤੀ ਬਾਗ਼ੀ ਸਾਊਦੀ ਅਰਬ 'ਤੇ ਘੱਟ ਰੇਂਜ ਦੀਆਂ ਹਜ਼ਾਰਾਂ ਮਿਜ਼ਾਇਲਾਂ ਦਾਗ ਚੁੱਕੇ ਹਨ ਅਤੇ ਉਨ੍ਹਾਂ ਨੇ ਯੂਏਈ ਨੂੰ ਵੀ ਨਿਸ਼ਾਨਾ ਬਣਾਇਆ ਹੈ।

## ਹੂਤੀ ਲੜਾਕਿਆਂ ਤੋਂ ਇਜ਼ਰਾਈਲ ਨੂੰ ਕਿੰਨਾ ਖ਼ਤਰਾ

ਈਰਾਨ ਨਾਲ ਲਗਾਅ ਅਤੇ ਉਸਦਾ ਸਮਰਥਨ ਕਰਨ ਦੇ ਬਾਵਜੂਦ, ਮੱਧ ਪੂਰਬ ਵਿੱਚ ਚੱਲ ਰਹੇ ਯੁੱਧ ਦੇ ਸ਼ੁਰੂਆਤੀ ਚਾਰ ਹਫ਼ਤਿਆਂ ਤੱਕ ਹੂਤੀ ਲੜਾਕਿਆਂ ਨੇ ਹਮਲੇ ਨਹੀਂ ਕੀਤੇ ਸਨ। ਪਰ ਹੁਣ ਇਸ ਹਥਿਆਰਬੰਦ ਸਮੂਹ ਨੇ ਪਹਿਲੀ ਵਾਰ ਇਜ਼ਰਾਈਲ ਵੱਲ ਮਿਜ਼ਾਇਲਾਂ ਦਾਗੀਆਂ ਹਨ। ਈਰਾਨ ਸਮਰਥਿਤ ਇਹ ਬਗਾਵਤੀ ਸਮੂਹ ਇਜ਼ਰਾਈਲ ਨੂੰ ਆਪਣਾ ਦੁਸ਼ਮਣ ਮੰਨਦਾ ਹੈ। ਇਸ ਦਾ ਰਾਜਧਾਨੀ ਸਨਾ ਅਤੇ ਯਮਨ ਦੇ ਉੱਤਰ-ਪੱਛਮੀ ਹਿੱਸੇ 'ਤੇ ਕੰਟਰੋਲ ਹੈ, ਪਰ ਇਹ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸਰਕਾਰ ਨਹੀਂ ਹੈ। ਹੂਤੀ ਸਮੂਹ ਦਾ ਕਹਿਣਾ ਹੈ ਕਿ ਉਹ ÷ਇਜ਼ਰਾਈਲ ਦੇ ਸੰਵੇਦਨਸ਼ੀਲ ਫੌਜੀ ਟਿਕਾਣਿਆਂ÷ ਨੂੰ ਨਿਸ਼ਾਨਾ ਬਣਾ ਰਹੇ ਸਨ। ਇਹ ਸੱਚ ਹੈ ਕਿ ਮਿਜ਼ਾਈਲ ਹਮਲਿਆਂ ਰਾਹੀਂ ਹੂਤੀ ਲੜਾਕਿਆਂ ਤੋਂ ਇਜ਼ਰਾਈਲ ਨੂੰ ਜਿੰਨਾ ਖ਼ਤਰਾ ਹੈ, ਉਹ ਈਰਾਨ ਤੋਂ ਹੋਣ ਵਾਲੇ ਖ਼ਤਰੇ ਨਾਲੋਂ ਕਾਫ਼ੀ ਘੱਟ ਹੈ। 7 ਅਕਤੂਬਰ 2023 ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲਿਆਂ ਤੋਂ ਬਾਅਦ ਜਦੋਂ ਗਾਜ਼ਾ ਵਿੱਚ ਯੁੱਧ ਸ਼ੁਰੂ ਹੋਇਆ, ਤਾਂ ਇਸ ਸਮੂਹ ਨੇ ਹਮਾਸ ਦੇ ਸਮਰਥਨ ਵਿੱਚ ਕਈ ਵਾਰ ਇਜ਼ਰਾਈਲ 'ਤੇ ਹਮਲੇ ਕੀਤੇ। ਪਰ ਉਨ੍ਹਾਂ ਹਮਲਿਆਂ ਨਾਲ ਇਜ਼ਰਾਈਲ ਨੂੰ ਅਸਲ ਵਿੱਚ ਕੋਈ ਵੱਡਾ ਨੁਕਸਾਨ ਨਹੀਂ ਪਹੁੰਚਿਆ। ਹੂਤੀ ਲੜਾਕਿਆਂ ਤੋਂ ਇਜ਼ਰਾਈਲ ਨੂੰ ਕਿਤੇ ਜ਼ਿਆਦਾ ਵੱਡਾ ਖ਼ਤਰਾ ਯਮਨ ਦੇ ਸਮੁੰਦਰੀ ਤੱਟ ਦੇ ਨੇੜੇ ਹੈ।

# ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਬੁਰਜ ਗਲੋਬਲ ਐਵਾਰਡ ਨਾਲ ਸਨਮਾਨਿਤ

ਵਾਸ਼ਿੰਗਟਨ ( ਰਾਜ ਗੋਗਨਾ )- ਵਾਸ਼ਿੰਗਟਨ ਡੀ.ਸੀ 'ਚਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੂੰ ਬੁਰਜ ਗਲੋਬਲ ਐਵਾਰਡ ਦੇ ਨਾਲ ਨਾਮਜ਼ਦ ਕੀਤਾ ਗਿਆ ਹੈ। ਇਸ ਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਦੁਨੀਆ ਭਰ ਦੇ 100ਵੇਂ ਅਵਾਰਡ ਸਮਾਰੋਹ ਵਿਚ ਅਟਾਰਨੀ ਜਸਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ, ਜੋ ਨਿਊਜਰਸੀ ਦੇ ਰਾਜਪਾਲ ਦੇ ਮੁੱਖ ਸਲਾਹਕਾਰ ਵੀ ਹਨ। ਜਸਪ੍ਰੀਤ ਨੂੰ ਅਮਰੀਕਾ ਦੇ ਇੱਕ ਪ੍ਰਸਿੱਧ ਸਹੀ ਕਾਨੂੰਨੀ ਖੇਤਰਾਂ ਵਿਚ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣ ਤੇ ਕਾਨੂੰਨੀ ਮਾਹਰ ਹੋਣ ਦੇ ਬਦਲੇ ਬੁਰਜ ਗਲੋਬਲ ਐਵਾਰਡ ਦਾ ਪੁਰਸਕਾਰ ਦਿੱਤਾ ਗਿਆ। ਇਹ ਪਾਵਰ ਗਲੋਬਲ ਸੰਸਥਾ ਵਪਾਰ, ਲੀਡਰਸ਼ਿਪ, ਨਵੀਨਤਾ ਅਤੇ ਸਮਾਜ ਵਿਚ ਸੇਵਾ ਨਾਲ ਸਬੰਧਤ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਭਰ ਦੇ ਉੱਤਮ ਲੋਕਾਂ ਨੂੰ ਸਨਮਾਨਿਤ ਕਰਦੀ ਹੈ। ਅਮਰੀਕਾ ਦੇ ਉੱਘੇ ਸਿੱਖ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਇਹ ਗਲੋਬਲ ਅਵਾਰਡ ਉਹਨਾਂ ਦੀ ਕਾਨੂੰਨੀ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਅਤੇ ਉਹਨਾਂ ਦੇ ਲੀਡਰਸ਼ਿਪ ਗੁਣਾਂ ਕਾਰਨ ਦਿੱਤਾ ਗਿਆ।ਇਹ ਅਵਾਰਡ ਸਮਾਰੋਹ ਵਾਸ਼ਿੰਗਟਨ ਡੀ.ਸੀ. ਯੂ.ਐਸ.ਏ. ਵਿੱਚ ਬੀਤੇਂ ਦਿਨ ਆਯੋਜਿਤ ਕੀਤਾ ਗਿਆ। ਜਿਸ ਵਿੱਚ ਦੁਨੀਆ ਭਰ ਦੇ ਕਾਰੋਬਾਰੀ ਨੇਤਾਵਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਉਹਨਾਂ ਨੂੰ ਇਹ ਪੁਰਸਕਾਰ ਕਲੱਬ ਨੈੱਟਵਰਕ ਵਰਲਡਵਾਈਡ ਦੇ ਸੰਸਥਾਪਕ ਅਤੇ ਸੀ.ਈ.ਓ ਡਾ: ਤਾਰਿਕ ਅਹਿਮਦ ਨਿਜ਼ਾਮੀ ਅਤੇ ਮੈਨਜਿੰਗ ਸੀ.ਈ.ਓ ਸਾਰਾਹ ਡੋਂਗ ਦੁਆਰਾ ਪ੍ਰਦਾਨ ਕੀਤਾ ਗਿਆ।





# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436

**ADVISORY BOARD**

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਮਨੁੱਖ ਤੇ ਮਨੁੱਖਤਾ ਵਿਰੁੱਧ ਯੁੱਧ

ਦੂਜੇ ਸੰਸਾਰ ਮਹਾਂਯੁੱਧ ਸਮੇਂ ਅਮਰੀਕਾ ਦੇ ਮਸ਼ਹੂਰ ਸੈਨਿਕ ਜਨਰਲ ਡਵਾਈਟ ਡੀ. ਆਇਜ਼ਨਹਾਵਰ, ਜੋ ਬਾਅਦ ਵਿਚ ਅਮਰੀਕਾ ਦੇ 34ਵੇਂ ਰਾਸ਼ਟਰਪਤੀ ਵੀ ਬਣੇ, ਨੇ ਕਿਹਾ ਸੀ ਕਿ ਯੁੱਧ ਅੱਤਿਆਚਾਰੀ, ਬੇਅਰਥ ਅਤੇ ਬੇਵਕੂਫ਼ੀ ਭਰਿਆ ਹੁੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਵਿਰੁੱਧ 28 ਫਰਵਰੀ 2026 ਨੂੰ ਬਿਨਾ ਸੋਚੇ-ਸਮਝੇ ਯੁੱਧ ਸ਼ੁਰੂ ਕੀਤਾ ਗਿਆ ਹੈ। ਇਸ ਯੁੱਧ ਦੇ ਨਤੀਜੇ ਦੁਨੀਆਂ ਨੂੰ ਲੰਮੇ ਸਮੇਂ ਤੱਕ ਭੁਗਤਣੇ ਪੈਣਗੇ।

ਦੋ ਹਫ਼ਤਿਆਂ ਦੇ ਇਸ ਭਿਆਨਕ ਯੁੱਧ ਵਿਚ ਇਰਾਨ ਤਬਾਹ ਹੋਇਆ ਲੱਗਦਾ ਹੈ, ਪਰ ਕੀ ਇਰਾਨ ਯੁੱਧ ਹਾਰ ਗਿਆ ਹੈ? ਯੁੱਧ ਦੇ ਪਹਿਲੇ ਦਿਨ ਹੀ ਇਰਾਨ ਦਾ ਪ੍ਰਮੁੱਖ ਆਯਤੁੱਲਾ ਅਲੀ ਖਾਮਨੇਈ ਉਸਦੇ ਕਈ ਉੱਚ ਕੋਟੀ ਦੇ ਸਾਥੀ ਸਮੇਤ ਮਾਰਿਆ ਗਿਆ। ਪਰ ਤੇਜ਼ੀ ਨਾਲ ਇਰਾਨ ਨੇ ਆਪਣਾ ਨਵਾਂ ਨੇਤਾ ਚੁਣ ਲਿਆ। ਹੁਣ ਤੱਕ ਹਜ਼ਾਰਾਂ ਇਰਾਨੀ ਮਾਰੇ ਗਏ ਹਨ ਅਤੇ ਦਸ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ ਹਨ। ਇੱਕ ਅਮਰੀਕੀ ਟੋਮਾਹਾਕ ਮਿਸਾਈਲ ਇੱਕ ਇਰਾਨੀ ਸਕੂਲ ਉੱਤੇ ਡਿੱਗੀ, ਜਿਸ ਵਿਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਆਖ਼ਿਰ ਉਨ੍ਹਾਂ ਦਾ ਕੀ ਕਸੂਰ ਸੀ?

ਇਜ਼ਰਾਇਲ ਨੇ ਅਮਰੀਕਾ ਨੂੰ ਉਕਸਾਇਆ ਕਿ ਇਰਾਨ ਨੇ ਵੱਡੀ ਮਾਤਰਾ ਵਿਚ ਯੂਰੇਨੀਅਮ ਇਕੱਠਾ ਕਰ ਲਿਆ ਹੈ ਅਤੇ ਉਸਨੇ ਪਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਲਗਭਗ ਪੂਰਾ ਕਰ ਲਿਆ ਹੈ। ਇਸ ਸਬੰਧ ਵਿਚ ਕਤਰ ਨੇ ਗੱਲਬਾਤ ਲਈ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਓਮਾਨ ਦੇ ਵਿਦੇਸ਼ ਮੰਤਰੀ ਨੇ ਵਾਸ਼ਿੰਗਟਨ ਪਹੁੰਚ ਕੇ ਇਰਾਨ ਦਾ ਇਹ ਵਾਇਦਾ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਇਰਾਨ ਯੂਰੇਨੀਅਮ ਦਾ ਕੋਈ ਭੰਡਾਰ ਨਾ ਰੱਖਣ ਲਈ ਸਹਿਮਤ ਹੋ ਗਿਆ ਹੈ ਅਤੇ ਉਸਨੇ ਕਦੇ ਵੀ ਪਰਮਾਣੂ ਹਥਿਆਰ ਨਾ ਰੱਖਣ ਦੀ ਕਸਮ ਖਾਧੀ ਹੈ। ਪਰ ਇਸ ਵਾਇਦੇ ਨੂੰ ਦਰਕਿਨਾਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਇਰਾਨ ਉੱਤੇ ਹਮਲੇ ਦਾ ਹੁਕਮ ਚਾੜ੍ਹ ਦਿੱਤਾ। ਕੀ ਇਹ ਜਾਇਜ਼ ਹੈ?

ਅਮਰੀਕਾ, ਇਜ਼ਰਾਇਲ ਅਤੇ ਇਰਾਨ ਦੇ ਦਰਮਿਆਨ ਚੱਲ ਰਹੇ ਇਸ ਯੁੱਧ ਦੇ ਪਿੱਛੇ ਸਿਰਫ਼ ਪਰਮਾਣੂ ਹਥਿਆਰ ਰੱਖਣ ਦੀ ਗੱਲ ਹੀ ਨਹੀਂ ਹੈ, ਸਗੋਂ ਨਸਲੀ ਅਤੇ ਧਾਰਮਿਕ ਭਾਵਨਾਵਾਂ ਵੀ ਕੰਮ ਕਰ ਰਹੀਆਂ ਹਨ। ਇਜ਼ਰਾਇਲ ਇੱਕ ਸਾਮਰਾਜਵਾਦੀ ਦੇਸ਼ ਦੇ ਰੂਪ ਵਿਚ ਦੁਨੀਆ ਸਾਹਮਣੇ ਆਇਆ ਹੈ। ਇਸ ਵੇਲੇ ਅਮਰੀਕਾ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ, ਜਿਨ੍ਹਾਂ ਉੱਤੇ ਉਸ ਦੀ ਨੀਂਹ ਰੱਖੀ ਗਈ ਸੀ, ਇਜ਼ਰਾਇਲ ਨਾਲ ਰਲ ਕੇ ਵਿਸਥਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਦੁਨੀਆ ਭਰ ਵਿਚ ਹਥਿਆਰਾਂ ਦਾ ਵੱਡਾ ਵਪਾਰੀ ਅਤੇ ਹੈਂਕੜਬਾਜ਼ ਥਾਣੇਦਾਰ ਵਜੋਂ ਵੀ ਉਸਦੀ ਵੱਡੀ ਭੂਮਿਕਾ ਹੈ।

ਪਰ ਸਵਾਲ ਇਹ ਹੈ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਲੜ ਕੇ ਕੀ ਪ੍ਰਾਪਤ ਕੀਤਾ ਸੀ? ਉੱਥੇ ਲੰਮਾ ਯੁੱਧ ਚੱਲਿਆ ਅਤੇ ਅਖ਼ੀਰ ਅਮਰੀਕਾ ਨੂੰ ਵੀਅਤਨਾਮ ਦੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਕਾਰਨ ਉੱਥੋਂ ਵਾਪਸ ਮੁੜਨਾ ਪਿਆ। ਰੂਸ ਨੇ ਚਾਰ ਸਾਲ ਪਹਿਲਾਂ ਯੂਕਰੇਨ ਉੱਤੇ ਹਮਲਾ ਕੀਤਾ, ਪਰ ਉਹ ਹੁਣ ਤੱਕ ਯੁੱਧ ਜਿੱਤ ਨਹੀਂ ਸਕਿਆ। ਇਸ ਦੌਰਾਨ ਰੂਸ ਉੱਤੇ ਕਰਜ਼ੇ ਦਾ ਬੋਝ ਵਧਿਆ, ਤੇਲ ਤੋਂ ਹੋਣ ਵਾਲੀ ਕਮਾਈ ਘੱਟ ਗਈ ਹੈ ਅਤੇ ਰੂਸੀ ਸੈਨਿਕਾਂ ਨੂੰ ਹੁਣ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਰਾਨ ਨਾਲ ਅਮਰੀਕੀ ਯੁੱਧ ਵੀ ਉਦੋਂ ਤੱਕ ਚੱਲੇਗਾ ਜਿੰਨਾ ਚਿਰ ਤੱਕ ਅਮਰੀਕੀ ਮਸ਼ੀਨਾਂ ਕੰਮ ਕਰ ਰਹੀਆਂ ਹਨ। ਜਦ ਤੱਕ ਮਸ਼ੀਨਾਂ ਦੀ ਪੂਰਤੀ ਹੁੰਦੀ ਰਹੇਗੀ, ਅਮਰੀਕਾ ਆਪਣੀ ਜੰਗ ਜਾਰੀ ਰੱਖ ਸਕਦਾ ਹੈ। ਪਰ ਇਸ ਨਾਲ ਉਹ ਕਿਹੜੇ ਨਿਸ਼ਾਨੇ ਦੀ ਪੂਰਤੀ ਕਰ ਸਕੇਗਾ? ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕੋਈ ਦੇਸ਼ ਯੁੱਧ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਯੁੱਧ ਕਦੋਂ ਰੋਕਣਾ ਹੈ। ਇੱਕ ਗੱਲ ਜੋ ਸੋਲ੍ਹਾਂ ਆਨੇ ਸੱਚ ਹੈ-ਯੁੱਧ ਵਿਚ ਮਨੁੱਖਤਾ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਅਸਲ 'ਚ ਇਹ ਯੁੱਧ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਹੈਂਕੜਬਾਜ਼ ਸੋਚ ਦਾ ਨਤੀਜਾ ਹੈ। ਜੇਕਰ ਸੋਚਿਆ ਜਾਵੇ ਤਾਂ ਅਮਰੀਕਾ ਦੇ ਕੋਲ ਇਹ ਤੈਅ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਕਿ ਕਿਸ ਦੇਸ਼ ਕੋਲ ਪਰਮਾਣੂ ਹਥਿਆਰ ਹੋਣ ਚਾਹੀਦੇ ਹਨ ਅਤੇ ਕਿਸ ਕੋਲ ਨਹੀਂ? ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਵਿਚ ਵੀ ਦਖ਼ਲ ਦੇ ਕੇ ਉਨ੍ਹਾਂ ਨੂੰ ਤਬਾਹ ਕਰਨ ਦਾ ਫ਼ੈਸਲਾ ਕਰੇਗਾ? ਜੇਕਰ ਐਸਾ ਹੋਇਆ ਤਾਂ ਇਸ ਦਾ ਸਿੱਟਾ ਕੀ ਨਿਕਲੇਗਾ?

ਜਿਸ ਖ਼ਤਰਨਾਕ ਸਥਿਤੀ ਵਿਚ ਅੱਜ ਦੁਨੀਆ ਇਸ ਜੰਗ ਕਾਰਨ ਫਸ ਚੁੱਕੀ ਹੈ, ਉਸ ਸਥਿਤੀ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਜਾਪਦਾ ਹੈ। ਟਰੰਪ ਦੀ ਮਨਮਾਨੀ ਕਾਰਨ ਪੈਦਾ ਹੋਏ ਇਸ ਟਕਰਾਅ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਮਰੀਕਾ ਵਿਚ ਮਹਿੰਗਾਈ ਵਧ ਗਈ ਹੈ। ਭਾਰਤ ਵਿਚ ਗੈਸ ਸਿਲੰਡਰਾਂ ਦੀ ਘਾਟ ਵੇਖਣ ਨੂੰ ਮਿਲ ਰਹੀ ਹੈ ਅਤੇ ਉਨ੍ਹਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ। ਇੱਥੋਂ ਤੱਕ ਕਿ ਸ਼ੇਅਰ ਬਾਜ਼ਾਰ ਵੀ ਡਿੱਗਦਾ ਨਜ਼ਰ ਆ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ ਇਸ ਯੁੱਧ ਉੱਤੇ ਹਰ ਦਿਨ ਅਰਬਾਂ ਡਾਲਰ ਖ਼ਰਚ ਹੋ ਰਹੇ ਹਨ। ਵਾਤਾਵਰਣ ਜਿਸ ਢੰਗ ਨਾਲ ਦੂਸ਼ਿਤ ਹੋ ਰਿਹਾ ਹੈ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਹਵਾਈ ਸ.ਫਰ ਮਹਿੰਗਾ ਹੋ ਚੁੱਕਾ ਹੈ ਅਤੇ ਪੂਰੀ ਦੁਨੀਆ ਦਹਿਸ਼ਤ ਦੇ ਮਾਹੌਲ ਵਿਚ ਜਿਊ ਰਹੀ ਹੈ ਅਤੇ ਜੰਗ ਦੇ ਖਿਡਾਰੀ ਆਪਣੇ ਹਥਿਆਰ ਵੇਚ ਕੇ ਨ.ਫਾ ਕਮਾ ਰਹੇ ਹਨ। ਪਰ ਇਹ ਕਦੋਂ ਤੱਕ ਸੰਭਵ ਹੈ?

ਵੈਨਜ਼ੁਏਲਾ ਵਿਚ ਉਥੋਂ ਦੇ ਰਾਸ਼ਟਰਪਤੀ ਨੂੰ ਹਟਾਉਣ ਤੋਂ ਬਾਅਦ ਉਸਦੇ ਪੈਰ ਧਰਤੀ ਤੋਂ ਉੱਪਰ ਉੱਠੇ ਨਜ਼ਰ ਆਉਂਦੇ ਹਨ। ਟਰੰਪ ਨੇ ਸੋਚਿਆ ਤਾਂ ਇਹ ਸੀ ਕਿ ਇਰਾਨ ਦੇ ਖਾਮੀਨੀ ਨੂੰ ਮਾਰਨ ਤੋਂ ਬਾਅਦ ਇਰਾਨ ਗੋਡਿਆਂ ਭਾਰ ਹੋ ਜਾਏਗਾ, ਲਿ.ਫ ਜਾਏਗਾ, ਢਹਿ ਜਾਏਗਾ। ਪਰ ਇਰਾਨ ਨੇ ਜਿਸ ਢੰਗ ਨਾਲ ਅਮਰੀਕਾ-ਇਜ਼ਰਾਇਲ ਸੈਨਾ ਦਾ ਮੁਕਾਬਲਾ ਕੀਤਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਟਰੰਪ ਇਸ ਨਵੇਂ ਯੁੱਧ ਦੀ ਦਲਦਲ ਵਿਚ ਫਸ ਗਏ ਹਨ, ਜਿੱਥੋਂ ਲੰਮਾ ਸਮਾਂ ਸ਼ਾਇਦ ਉਹ ਨਿਕਲ ਹੀ ਨਾ ਸਕਣ। ਪੰਦਰਾਂ ਦਿਨਾਂ ਦੇ ਯੁੱਧ ਤੋਂ ਬਾਅਦ ਟਰੰਪ ਦੇ ਆਪਣੇ ਨਿਸ਼ਾਨੇ ਵਿਚ ਬਦਲਾਅ ਆ ਗਿਆ ਹੈ। ਉਸ ਦਾ ਧਿਆਨ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਤੋਂ ਹਟ ਕੇ ਇਰਾਨ ਦੀ ਸੈਨਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵੱਲ, ਇਰਾਨ ਵਿਚ ਸੱਤਾ ਦੀ ਤਬਦੀਲੀ ਅਤੇ ਆਖ਼ਿਰਕਾਰ ਇਰਾਨ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਕਰਨ ਵੱਲ ਕੇਂਦਰਿਤ ਹੋ ਗਿਆ ਹੈ। ਉਸ ਨੇ ਇਰਾਨ ਦੀ ਜਨਤਾ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਵੋ। ਇਹ ਤੁਹਾਡੀ ਸਾਰਿਆਂ ਦੀ ਸਰਕਾਰ ਹੋਵੇਗੀ। ਪਰ ਟਰੰਪ ਦੀਆਂ ਇਨ੍ਹਾਂ ਆਸਾਂ ਨੂੰ ਬੂਰ ਨਹੀਂ ਪਿਆ।

ਬਿਨਾਸ਼ੱਕ ਇਰਾਨ ਵਿਚ ਕੱਟੜਪੰਥੀ ਇਸਲਾਮੀ ਨਿਜ਼ਾਮ ਰਾਜ ਕਰਦਾ ਹੈ। ਉਥੋਂ ਦੇ ਸਾਧੂ-ਸੰਤ ਧਰਮ ਅਤੇ ਮਜ਼ਹਬ ਦੇ ਦਾਇਰੇ ਵਿਚੋਂ ਨਿਕਲ ਕੇ ਸਿਆਸਤ ਅਤੇ ਸ਼ਾਸਨ ਵਿਚ ਦਖ਼ਲ ਦਿੰਦੇ ਹਨ, ਜਿਸ ਦਾ ਨਤੀਜਾ ਆਮ ਜਨਤਾ, ਖ਼ਾਸ ਕਰਕੇ ਇਰਾਨੀ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਇਰਾਨ ਦੇ ਸ਼ਾਸਕਾਂ ਨੇ ਹਮਾਸ ਅਤੇ ਹਿਜ਼ਬੁੱਲਾ ਜਿਹੀਆਂ ਆਤੰਕੀ ਸੈਨਾਵਾਂ ਅਮਰੀਕਾ-ਇਜ਼ਰਾਇਲ ਵਰਗੇ ਮੁਲਕਾਂ ਵਿਰੁੱਧ ਲੜਨ ਲਈ ਤਿਆਰ ਕੀਤੀਆਂ ਹਨ। ਇਨ੍ਹਾਂ ਸੈਨਾਵਾਂ ਨੇ ਲਿਬਨਾਨ ਅਤੇ ਸੀਰੀਆ ਜਿਹੇ ਪ੍ਰਗਤੀਸ਼ੀਲ ਦੇਸ਼ਾਂ ਨੂੰ ਬਰਬਾਦ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਰਾਨ ਦੇ ਆਮ ਲੋਕਾਂ ਨੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕੀਤੇ ਤਾਂ ਖਾਮੀਨੀ ਸਰਕਾਰ ਨੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ। ਕਿਹਾ ਜਾਂਦਾ ਹੈ ਕਿ ਇਸ ਅੰਦੋਲਨ ਦੌਰਾਨ 20 ਤੋਂ 30 ਹਜ਼ਾਰ ਲੋਕ ਮਾਰ ਦਿੱਤੇ ਗਏ। ਪਰ ਇਸ ਸਭ ਕੁਝ ਦੇ ਦਰਮਿਆਨ ਅਮਰੀਕਾ-ਇਜ਼ਰਾਇਲ ਦਾ ਇਰਾਨ ਅਤੇ ਖਾੜੀ ਮੁਲਕਾਂ ਨੂੰ ਯੁੱਧ ਵਿਚ ਧੱਕਣਾ ਯੂਐਨਓ ਦੇ ਚਾਰਟਰ ਦੇ ਆਰਟੀਕਲ 2(4), ਜੋ ਕਿ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਆਜ਼ਾਦੀ ਦੀ ਸੰਭਾਵਨਾ ਨੂੰ ਨਕਾਰਦਾ ਹੈ, ਦੀ ਸਿੱਧੀ ਉਲੰਘਣਾ ਹੈ। ਇਜ਼ਰਾਇਲ 1948 ਵਿਚ ਬਰਤਾਨੀਆ ਅਤੇ ਅਮਰੀਕਾ ਸਮੇਤ ਹੋਰ ਸਮਰਾਜੀ ਸ਼ਕਤੀਆਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿਚ ਲਿਆਂਦਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਜ਼ਰਾਇਲ ਅਮਰੀਕਾ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਭੰਡਾਰਾਂ ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

**ਗੁਰਮੀਤ ਸਿੰਘ ਪਲਾਹੀ ਫੋਨ: 9815802070**




ਪ੍ਰੀਤਨਾਮਾ PREETNAMA
ਖਰਾ ਸੋਚ
Online and Print Media



# ਸਾਊਦੀ ਏਅਰ ਬੇਸ ’ਤੇ ਦੋ ਟੁਕੜਿਆਂ ਵਿੱਚ ਟੁੱਟੇ ਹੋਏ ਅਮਰੀਕੀ ਜਹਾਜ਼ ਦੀ ਤਸਵੀਰ ਦੀ ਸੱਚਾਈ ਕੀ ਹੈ




ਵੈਰੀਫਾਈ ਕੀਤੀਆਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਸਾਊਦੀ ਅਰਬ ਦੇ ਇੱਕ ਏਅਰਬੇਸ ’ਤੇ ਅਮਰੀਕੀ ਕਮਾਂਡ ਅਤੇ ਕੰਟਰੋਲ ਜਹਾਜ਼ ਨਸ਼ਟ ਹੋ ਗਿਆ ਹੈ। ਇਹ ਤਸਵੀਰਾਂ ਸਭ ਤੋਂ ਪਹਿਲਾਂ ਇੱਕ ਫੇਸਬੁੱਕ ਪੇਜ ’ਤੇ ਸਾਂਝੀਆਂ ਕੀਤੀਆਂ ਗਈਆਂ ਸਨ, ਜੋ ਅਮਰੀਕੀ ਫੌਜ ਨਾਲ ਜੁੜੀਆਂ ਖ਼ਬਰਾਂ ਪੋਸਟ ਕਰਦਾ ਹੈ। ਤਸਵੀਰਾਂ ਵਿੱਚ ਈ-3 ਸੈਂਟਰੀ ਜਹਾਜ਼ ਦੋ ਹਿੱਸਿਆਂ ਵਿੱਚ ਟੁੱਟਿਆ ਹੋਇਆ ਦਿਖਾਈ ਦੇ ਰਿਹਾ ਹੈ। ਬੀਬੀਸੀ ਨੇ ਪੁਸ਼ਟੀ ਕੀਤੀ ਹੈ ਕਿ ਇਹ ਤਸਵੀਰਾਂ ਰਿਆਦ ਤੋਂ ਕਰੀਬ 100 ਕਿਲੋਮੀਟਰ ਦੱਖਣ-ਪੂਰਬ ਸਥਿਤ ਪ੍ਰਿੰਸ ਸੁਲਤਾਨ ਏਅਰ ਬੇਸ ਦੀਆਂ ਹਨ। ਤਸਵੀਰਾਂ ਵਿੱਚ ਦਿੱਸ ਰਹੇ ਪਿਲਰ, ਸਟੋਰੇਜ ਯੂਨਿਟ ਅਤੇ ਪੱਕੇ ਹਿੱਸਿਆਂ ’ਤੇ ਬਣੇ ਨਿਸ਼ਾਨ ਸੈਟੇਲਾਈਟ ਇਮੇਜ ਨਾਲ ਮੇਲ ਖਾਂਦੇ ਹਨ। ਅਮਰੀਕੀ ਸੈਂਟਰਲ ਕਮਾਂਡ ਨੇ ਹਾਲੇ ਤੱਕ ਇਸ ਘਟਨਾ ’ਤੇ ਜਨਤਕ ਤੌਰ ’ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਬੀਬੀਸੀ ਨੇ ਇਸ ਮਾਮਲੇ ਵਿੱਚ ਪ੍ਰਤੀਕ੍ਰਿਆ ਮੰਗੀ ਹੈ। ਸ਼ੁੱਕਰਵਾਰ ਨੂੰ ਇੱਕ ਅਮਰੀਕੀ ਅਧਿਕਾਰੀ ਨੇ ਖ਼ਬਰ ਏਜੰਸੀ ਰਾਇਟਰਸ ਨੂੰ ਦੱਸਿਆ ਕਿ ਈਰਾਨੀ ਹਮਲੇ ਵਿੱਚ 12 ਅਮਰੀਕੀ ਫੌਜੀ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ।

ਦੂਜੇ ਪਾਸੇ, ਦਿ ਵਾਲ ਸਟਰੀਟ ਜਰਨਲ ਨੇ ਰਿਪੋਰਟ ਕੀਤਾ ਕਿ ਘੱਟੋ-ਘੱਟ ਦੋ ਅਮਰੀਕੀ ਰੀਫਿਊਲਿੰਗ ਜਹਾਜ਼ ਵੀ ਨੁਕਸਾਨੇ ਗਏ ਹਨ। ਐਤਵਾਰ ਨੂੰ ਈਰਾਨ ਦੀ ਇਸਲਾਮਿਕ ਰਿਵੋਲੂਸ਼ਨਰੀ ਗਾਰਡ ਕੋਰਪਸ (ਆਈਆਰਜੀਸੀ) ਨਾਲ ਜੁੜੀ ਫਾਰਸ ਨਿਊਜ਼ ਏਜੰਸੀ ਨੇ ਦਾਅਵਾ ਕੀਤਾ ਕਿ ਇੱਕ ਸ਼ਾਹੇਦ ਡਰੋਨ ਨੇ ਈ-3 ਜਹਾਜ਼ ਨੂੰ ਨਿਸ਼ਾਨਾ ਬਣਾਇਆ।

ਬੀਬੀਸੀ ਵੈਰੀਫ਼ਾਈ ਨੇ 11 ਮਾਰਚ ਦੀ ਸੈਟੇਲਾਈਟ ਤਸਵੀਰ ਵਿੱਚ ਵੀ ਇਸੇ ਸਥਾਨ ’ਤੇ ਇੱਕ ਈ-3 ਜਹਾਜ਼ ਦੇਖਿਆ ਹੈ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਉਹ ਉਹੀ ਜਹਾਜ਼ ਹੈ ਜਾਂ ਨਹੀਂ।

ਵੈਰੀਫ਼ਾਈ ਕੀਤੀਆਂ ਤਸਵੀਰਾਂ ਵਿੱਚੋਂ ਇੱਕ ਵਿੱਚ ਜਹਾਜ਼ ਦਾ ਟੇਲ ਨੰਬਰ ਵੀ ਦਿਖਾਈ ਦਿੰਦਾ ਹੈ। ਇਸ ਦੇ ਆਧਾਰ ’ਤੇ ਫਲਾਈਟ ਟ ?ਰੈਕਿੰਗ ਵੈਬਸਾਈਟ ਫਲਾਈਟਰਡਾਰ 24 ਦੀ ਜਾਂਚ ਕੀਤੀ ਗਈ, ਜਿਸ ਵਿੱਚ ਪਤਾ ਲੱਗਿਆ ਕਿ 18 ਮਾਰਚ ਨੂੰ ਇਹ ਜਹਾਜ਼ ਏਅਰ ਬੇਸ ਦੇ ਨੇੜੇ ਉਡਾਨ ਭਰ ਰਿਹਾ ਸੀ। ਸ਼ੁੱਕਰਵਾਰ ਨੂੰ ਲਈ ਗਈ ਇੱਕ ਸੈਟੇਲਾਈਟ ਤਸਵੀਰ ਵਿੱਚ ਏਅਰ ਬੇਸ ਦੇ ਐਪਰਨ ਖੇਤਰ ਵਿੱਚ ਅੱਗ ਦਿਖਾਈ ਦਿੰਦੀ ਹੈ, ਜੋ ਈ-3 ਜਹਾਜ਼ ਤੋਂ ਕਰੀਬ 1600 ਮੀਟਰ ਪੂਰਬ ਵਿੱਚ ਹੈ। ਇਹ ਸਪਸ਼ਟ ਨਹੀਂ ਹੈ ਕਿ ਇਹ ਉਸੇ ਹਮਲੇ ਦਾ ਹਿੱਸਾ ਹੈ ਜਾਂ ਨਹੀਂ, ਜਿਸ ਵਿੱਚ ਇਸ ਜਹਾਜ਼ ਨੂੰ ਨੁਕਸਾਨ ਪਹੁੰਚਿਆ।




ਲੰਘੀ 17 ਫ਼ਰਵਰੀ ਨੂੰ ਬੀਬੀਸੀ ਵੈਰੀਫ਼ਾਈ ਨੇ ਫਲਾਈਟਰਡਾਰ 24 ਡੇਟਾ ਦੀ ਜਾਂਚ ਦੇ ਆਧਾਰ ’ਤੇ ਪੁਸ਼ਟੀ ਕੀਤੀ ਸੀ ਕਿ ਦੋ ਈ-3 ਸੈਂਟਰੀ ਅਵਾਕਸ ਜਹਾਜ਼ ਬ੍ਰਿਟੇਨ ਦੇ ਮਿਲਡਨਹਾਲ ਏਅਰਫੋਰਸ ਸਟੇਸ਼ਨ ’ਤੇ ਪਹੁੰਚੇ ਸਨ। ਬੋਇੰਗ ਈ-3 ਅਵਾਕਸ (ਏਅਰਬੋਰਨ ਵਾਰਨਿੰਗ ਐਂਡ ਕੰਟਰੋਲ ਸਿਸਟਮ) ਇੱਕ ਬੋਇੰਗ 707 ਜਹਾਜ਼ ’ਤੇ ਆਧਾਰਿਤ ਹੈ ਅਤੇ ਇਸ ਦੇ ਪਿਛਲੇ ਹਿੱਸੇ ਵਿੱਚ ਘੁੰਮਣ ਵਾਲੀ ਰਡਾਰ ਡਿਸਕ ਲੱਗੀ ਹੁੰਦੀ ਹੈ, ਜੋ ਇਸ ਨੂੰ ਵੱਖਰੀ ਪਛਾਣ ਦਿੰਦੀ ਹੈ। ਇਹ ਰਡਾਰ ਲੰਮੀ ਦੂਰੀ ਤੱਕ ਸੰਭਾਵਿਤ ਨਿਸ਼ਾਨਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਵਿੱਚ ਸਮਰੱਥ ਹੁੰਦੀ ਹੈ, ਜਿਸ ਨਾਲ ਜੰਗ ਦੌਰਾਨ ਖ਼ਤਰੇ ਦੀ ਪਹਿਲਾਂ ਹੀ ਜਾਣਕਾਰੀ ਮਿਲ ਜਾਂਦੀ ਹੈ। ਅਮਰੀਕੀ ਹਵਾਈ ਫੌਜ ਦੀ ਵੈਬਸਾਈਟ ਦੇ ਅਨੁਸਾਰ, ਇਹ ਜਹਾਜ਼ ਏਅਰ ਆਪ੍ਰੇਸ਼ਨ ਦੇ ਕਮਾਂਡਰਾਂ ਨੂੰ ਜਾਣਕਾਰੀ ਦਿੰਦਾ ਹੈ, ਜਿਸ ਨਾਲ ਉਹ ਹਵਾਈ ਜੰਗ ਨੂੰ ਨਿਯੰਤਰਿਤ ਕਰ ਸਕਣ। ਬੀਬੀਸੀ ਦੀ ਇੱਕ ਰਿਪੋਰਟ ਮੁਤਾਬਕ, ਅਵਾਕਸ ਆਧੁਨਿਕ ਜੰਗਾਂ ਦੌਰਾਨ ਜ਼ਮੀਨ ਅਤੇ ਹਵਾ ਵਿੱਚ ਸਰਵੀਲਾਂਸ ਸਿਸਟਮ (ਹਵਾਈ ਰੱਖਿਆ ਕਾਰਜਾਂ) ਲਈ ਅਨੁਕੂਲ ਵਾਤਾਵਰਣ ਤਿਆਰ ਕਰਦਾ ਹੈ, ਜਿਸ ਨੂੰ ਆਮ ਤੌਰ ’ਤੇ ਏਅਰ ’ਸਰਵੀਲਾਂਸ ਸਿਸਟਮ’ ਕਿਹਾ ਜਾਂਦਾ ਹੈ। ਇਸ ਦੀ ਮਦਦ ਨਾਲ ਹਵਾਈ ਹਮਲੇ ਕੀਤੇ ਜਾਂਦੇ ਹਨ ਜਾਂ ਹਮਲਿਆਂ ਨੂੰ ਰੋਕਣ ਲਈ ਕਾਰਵਾਈ ਕੀਤੀ ਜਾਂਦੀ ਹੈ।

ਇਸ ਨੂੰ ਹਵਾ ਵਿੱਚ ਉੱਡਦਾ ਹੋਇਆ ਏਅਰਬੋਰਨ ਵਾਰਨਿੰਗ ਐਂਡ ਕੰਟਰੋਲ ਸਿਸਟਮ ਕਿਹਾ ਜਾਂਦਾ ਹੈ। ਇਨ੍ਹਾਂ ਦਾ ਇਸਤੇਮਾਲ ਉਨ੍ਹਾਂ ਥਾਵਾਂ ’ਤੇ ਕੀਤਾ ਜਾਂਦਾ ਹੈ, ਜਿੱਥੇ ’ਗ੍ਰਾਊਂਡ ਸਰਵੀਲਾਂਸ’ ਸੰਭਵ ਨਹੀਂ ਹੁੰਦਾ। ਇਸ ਜਹਾਜ਼ ਨੇ ਪਹਿਲੀ ਵਾਰ 1977 ਵਿੱਚ ਸੇਵਾ ਸ਼ੁਰੂ ਕੀਤੀ ਸੀ ਅਤੇ ਰਿਪੋਰਟਾਂ ਮੁਤਾਬਕ ਇਹ 2035 ਤੱਕ ਅਮਰੀਕੀ ਹਵਾਈ ਫੌਜ ਵਿੱਚ ਸਰਗਰਮ ਰਹਿ ਸਕਦਾ ਹੈ।

# ਐੱਲਪੀਜੀ ਸਿਲੰਡਰ ਭਰਵਾਉਣ ਵੇਲੇ ਫੜਿਆ ਗਿਆ 4 ਸਾਲ ਤੋਂ ਫਰਾਰ ਫੌਜ ਦਾ ਸਾਬਕਾ ਕੈਪਟਨ, ਪਤਨੀ ਦੇ ਕਤਲ ਵਿੱਚ ਸੀ ਦੋਸ਼ੀ



ਫਾਜ਼ਿਲਕਾ ਪੁਲਿਸ ਨੇ ਆਪਣੀ ਪਤਨੀ ਦੇ ਕਤਲ ਦੇ ਮਾਮਲੇ ਵਿੱਚ ਲਗਭਗ ਚਾਰ ਸਾਲ ਤੋਂ ਫਰਾਰ ਚੱਲ ਰਹੇ ਫੌਜ ਦੇ ਸਾਬਕਾ ਕੈਪਟਨ ਸੰਦੀਪ ਤੋਮਰ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ, ਜਦੋਂ ਉਸ ਨੇ ਐੱਲਪੀਜੀ ਸਿਲੰਡਰ ਭਰਵਾਉਣ ਅਤੇ ਪੈਸਿਆਂ ਦੇ ਲੈਣ-ਦੇਣ ਲਈ ਆਪਣੇ ਅਸਲੀ ਬੈਂਕ ਖਾਤਾ ਨੰਬਰ ਅਤੇ ਪੈਨ ਕਾਰਡ ਦਾ ਇਸਤੇਮਾਲ ਕੀਤਾ। ਫਾਜ਼ਿਲਕਾ ਦੇ ਐੱਸਐੱਸਪੀ ਗੁਰਮੀਤ ਸਿੰਘ ਨੇ ਇਹ ਜਾਣਕਾਰੀ ਬੀਬੀਸੀ ਪੰਜਾਬੀ ਨਾਲ ਸਾਂਝੀ ਕੀਤੀ। ਐੱਸਐੱਸਪੀ ਗੁਰਮੀਤ ਸਿੰਘ ਮੁਤਾਬਕ ਫੌਜ ਦੇ ਸਾਬਕਾ ਕੈਪਟਨ ਸੰਦੀਪ ਤੋਮਰ ਖ਼ ?ਲਾਫ਼ 2013 ਵਿੱਚ ਆਪਣੀ ਪਤਨੀ ਨਾਲ ਕੁੱਟਮਾਰ ਕਰਨ, ਦਾਜ ਦੀ ਮੰਗ ਕਰਨ ਅਤੇ ਪਤਨੀ ਦੀ ਮੌਤ ਲਈ ਜ਼ਿੰਮੇਵਾਰ ਹੋਣ ਦੇ ਇਲਜ਼ਾਮਾਂ ਤਹਿਤ ਆਈਪੀਸੀ ਦੀ ਧਾਰਾ 304ਬੀ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤ ਮ੍ਰਿਤਕ ਦੇ ਪਿਤਾ ਵੱਲੋਂ ਦਰਜ ਕਰਵਾਈ ਗਈ ਸੀ। ਫਾਜ਼ਿਲਕਾ ਦੇ ਐੱਸਐੱਸਪੀ ਗੁਰਮੀਤ ਸਿੰਘ ਦੱਸਦੇ ਹਨ ਕਿ ਸੰਦੀਪ ਤੋਮਰ ਨੇ ਆਪਣੀ ਪਤਨੀ ਸ਼ਵੇਤਾ ਸਿੰਘ ਦਾ ਕਤਲ ਕੀਤਾ ਸੀ ਅਤੇ ਇਸ ਨੂੰ ਖੁਦਕੁਸ਼ੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਹਾਲਾਂਕਿ ਬਾਅਦ ਵਿੱਚ ਹੋਈ ਪੁਲਿਸ ਜਾਂਚ ਵਿੱਚ ਸਾਬਤ ਹੋਇਆ ਕਿ ਸੰਦੀਪ ਤੋਮਰ ਨੇ ਆਪਣੀ ਪਤਨੀ ਦਾ ਕਤਲ ਕੀਤਾ ਸੀ। ਮੁਲਜ਼ਮ ਸੰਦੀਪ ਤੋਮਰ ਨੂੰ ਵਾਰਦਾਤ ਵਾਲੇ ਦਿਨ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਆਪਣੀ ਪਤਨੀ ਦੇ ਕਤਲ ਕੇਸ ਵਿੱਚ ਸੰਦੀਪ ਤੋਮਰ ਨੇ ਪੰਜ ਸਾਲ ਜੇਲ੍ਹ ਵੀ ਕੱਟੀ। ਪਰ 2019 ਵਿੱਚ ਪੰਜਾਬ ਹਰਿਆਣਾ ਹਾਈਕੋਰਟ ਨੇ ਉਸ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ। ਸਾਲ 2022 ਵਿੱਚ ਹਾਈਕੋਰਟ ਨੇ ਮੁੜ ਸੰਦੀਪ ਤੋਮਰ ਨੂੰ ਆਤਮ ਸਮਰਪਣ ਕਰਨ ਦੇ ਹੁਕਮ ਦਿੱਤੇ। ਪਰ ਹੁਕਮਾਂ ਦੀ ਉਲੰਘਣਾ ਕਰਦਿਆਂ ਉਹ ਕਦੇ ਵੀ ਆਤਮ ਸਮਰਪਣ ਲਈ ਪੇਸ਼ ਨਹੀਂ ਹੋਇਆ ਅਤੇ 2022 ਤੋਂ ਫਰਾਰ ਚੱਲ ਰਿਹਾ ਸੀ। ਪੁਲਿਸ ਅਧਿਕਾਰੀਆਂ ਮੁਤਾਬਕ ਸੰਦੀਪ ਤੋਮਰ ਦੀ ਭਾਲ ਲਗਾਤਾਰ ਜਾਰੀ ਸੀ, ਪਰ ਹੁਣ ਫਾਜ਼ਿਲਕਾ ਪੁਲਿਸ ਨੇ ਮੱਧ ਪ੍ਰਦੇਸ਼ ਪੁਲਿਸ ਦੇ ਸਹਿਯੋਗ ਨਾਲ 28 ਮਾਰਚ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

**ਕੀ ਹੈ ਪੂਰਾ ਮਾਮਲਾ ?**

The number of private schools is rapidly increasing, and a large number of children are studying in private schools in urban areas. However, this growth also raises several concerns. Private school fees are increasing significantly, making it increasingly difficult for low- and middle-income families to access education. This increasing privatization of education is turning it into a business rather than a social service. Under the Right to Education Act, 25 percent of seats are reserved for poor children, but its effective implementation is not being implemented, further deepening social inequality. While the affluent receive education in private schools with better resources and facilities, the poor are confined to government schools with limited resources.

This imbalance is also having a direct impact on dropout rates. Millions of children have dropped out of school in recent years, a large number of them adolescent girls. This is due to several factors, including poverty, child labor, family migration, distance to schools, and lack of security. Girls, especially in rural areas, find it more difficult to access education. When families cannot afford private school fees and government schools are not available nearby, children are almost certain to drop out of education. This situation could further exacerbate unemployment and social inequality.

Privatization of education is not just an educational problem, it also deepens social and economic inequality. When all sections of society do not have equal educational opportunities, the imbalance in opportunities in society increases. In India, only about 3 percent of GDP is spent on education, while the target of increasing it to 6 percent remains unfulfilled. This impacts women's empowerment, employment opportunities, and the country's overall economic development. If this situation continues, it could also pose a threat to democracy, because an educated society produces informed and responsible citizens.

To address this crisis, the government must take concrete and effective steps. The school merger policy should be reconsidered and small schools in rural areas should be protected. Vacant teaching positions should be filled promptly, and special attention should be paid to teacher training. Basic amenities such as toilets, clean drinking water, and digital resources should be ensured in all schools. The quality of the Mid-Day Meal Scheme should be improved, and private school fees should be controlled and monitored. The provisions of the Right to Education Act should be strictly enforced, and public investment in education should be increased to 6 percent of GDP. In conclusion, the growing influence of privatization has become a serious challenge for government schools. The declining number of government schools and the increasing number of private schools indicate that education is gradually shifting from a fundamental right to a business. This is having the greatest impact on the poor and disadvantaged. If appropriate measures are not taken in time, this inequality will deeply impact society. It is essential to strengthen education, not as a commodity of the market, but as the foundation of social development, because the future of future generations depends on it.

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Dr. Satyawan Saurabh,
PhD (Political Science), is a poet and social thinker.

# Trump willing to end war without reopening Hormuz: WSJ reports

US President Donald Trump has told his aides that he's willing to end the military operation against Iran even if the Strait of Hormuz remains largely closed, leaving the campaign to reopen it for a later date, the Wall Street Journal (WSJ) reported, citing administration officials. In recent days, Trump and his aides assessed that a mission to pry open the chokepoint would push the conflict beyond his timeline of four to six weeks, the Daily said in a report.

According to the report, Trump decided that the US should achieve its main goals of hobbling Iran's navy and its missile stocks and wind down current hostilities while pressuring Tehran diplomatically to resume the free flow of trade. If that fails, Washington would press allies in Europe and the Gulf to take the lead on reopening the strait, the WSJ said, quoting officials. At a media briefing on Monday, White House Press Secretary Karoline Leavitt said the president and the chief of the Pentagon have always stated a four to six-week estimated timeline for the military operation. "We're on day 30 today," she said. Leavitt also indicated that the Arab countries can be asked to share the burden of the military operation in Iran. "I think it's something the president would be quite interested in. I won't get ahead of him on that but certainly it's an idea, something that I think you'll hear more from him on," she said to a question of whether countries such as Kuwait, the UAE and Saudi Arabia should pick up the tab for the Iran operation. Starting February 28, the US and Israel launched joint strikes against Iran, which in turn retaliated, spreading the war to the entire Gulf region. The Strait of Hormuz is a strategically important choke point for the world's energy supplies.

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026

# Exploitation or Volunteering

## What is the real way to protect women?



Despite being educated and independent, many women are victims of exploitation. According to this school of thought, one reason for this is their emotional nature, which some people exploit. It argues that women are more trusting and sensitive by nature, which sometimes makes them vulnerable to the wrong people. In this context, the traditional social system is considered more secure, where women live under the care of their father in childhood, their brother in adolescence, and their husband after marriage. This system is associated with protection and guidance. Meanwhile, some consider modern freedom to be risky, arguing that it forces women to make decisions alone, making them more vulnerable to exploitation.

The debate about the status of women in Indian society is nothing new. The question has been raised time and again as to whether the modern freedoms afforded to women are truly beneficial to them, or whether they are putting them at greater risk of exploitation. Recent events and societal reactions to them have reignited this debate. Some believe that women's increasing freedom is leading to their exploitation, while others consider this a narrow and misguided viewpoint. Therefore, it is essential to approach this issue with logic, facts, and a balanced perspective, rather than with emotions.

First, it's important to understand the root cause of exploitation. Can a woman's education, self-reliance, or independent living truly lead to exploitation? The simple and clear answer is no. Exploitation is always rooted in the mindset of the perpetrator. When someone mistreats a woman, the responsibility lies solely with that person. Linking this to a woman's freedom or behavior is not only wrong, but also akin to blaming the victim.

There's a societal belief that women are safer if they are under the supervision of their father, brother, or husband. This idea stems from traditional thinking, where safety and control are considered synonymous. However, the reality is far more complex. Numerous cases have emerged where women have been abused by acquaintances or within their own families. This means that mere surveillance or control cannot guarantee safety. Safety is not about restricting individual freedom, but about strengthening justice, law, and awareness within society.

It is also said that women are emotional by nature and therefore easily influenced. While this may be partly true, it is a grave mistake to consider this a weakness. Emotions are part of human nature, whether male or female. The real problem arises when someone exploits these emotions. Therefore, the solution is not to suppress women's emotions or limit their freedom, but to take strict action against those in society who exploit others.

In modern society, women have gained access to education, employment, and the right to make their own decisions. This is a positive change that has empowered them and made them self-reliant. However, it has also brought some challenges. It is every individual's responsibility to use freedom wisely. This applies not only to women but also to men. If a person makes a wrong decision, they may suffer the consequences, but this does not mean that freedom itself is wrong. It is important to understand the difference between the misuse of freedom and freedom itself.

It's often argued that women were safer in earlier times because they lived within the confines of their homes. But this notion is not entirely accurate. Even then, women faced injustice and exploitation, but they were unable to speak out. Today, at least, women can stand up for their rights, speak out, and demand justice. This change is a positive sign for society.

The rising number of rapes and other crimes is certainly a cause for concern. But the reason for this is not women's freedom, but the mindset of the perpetrators, weak law enforcement, and the prevailing misconceptions in society. To find a solution to a problem, we must understand its true causes. Limiting women's freedom is not a solution; it is, in fact, a form of running away from it.

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖ਼ਰਾ ਸੱਚ
**Dr. Priyanka Saurabh, PhD (Political Science), is a poet and social thinker.**

On the contrary, we must envision a society where women are both safe and independent. This requires taking several important steps. First, the education system must incorporate the values ??of gender equality and respect. Children must be taught from childhood that it is important to respect every individual. Second, the legal system must be strengthened so that criminals receive swift and severe punishment. Third, women must be encouraged to develop self-defense and self-confidence, enabling them to face any situation. Furthermore, the media and society must also understand their responsibility. They must stop objectifying women or questioning their character. Society must understand that a woman's dignity is not tied to her clothes, her behavior, or her decisions, but to her very existence.

Ultimately, it's safe to say that women's freedom and safety are both equally important. Pitting one against the other is a flawed approach. We must strike a balance where women can fully exercise their rights and yet not fear exploitation. True development of society is possible only when every individual—whether male or female—can live a life of dignity, security, and freedom. Empowering women instead of keeping them under "surveillance" is the right direction. This is the only path that can create a better and safer future not only for women but for society as a whole.

## *Dwindling humanity in the contemporary times*

Literature breeds where humanity is alive
Then comes all round feeling and vives
Humanity is a feeling ,which you share in your dealing
Humanity is a characteristic
That differs you from others
Humanity is giving and sharing
Humanity is sincerity and caring
Humanity is dedication towards living beings
Humanity is all love for fellow beings
Humanity is a question ,that burst in self
Will u give ,will you care ,will u share
Will u play the game of life fare
Acts of war voilance and to harm others
Are the most common signs that bothers
In present day humanity seems lost
You will find every where rolling ghosts
Over population, poverty, crushed humanity
Crippled scripts has lashed humanity
International trade ,nuclear power has thwarted humanity
Aristocracy and power race has blasted humanity
Intellectual ,social economic race has pulled humanity
It has been synchronised in this Trinity
The old parents are in old age homes
The progeny and property all has gone
Who will give us ethics and experience
When present day generation is not bothered and serious
Who is to be put to guilt and fault
When there is no emotion ,thought process at hault.
Literature has a deep alliance with humanity
It has regularly given best in Trinity
Prose poetry and play are the three expressions
But We cannot afford time and patience
Inspite of going through the script nd history with care
We believe in Media ,u tube ,as time is not spare
Let's educate ourselves and make us understand
In out side world there is sagging humanity
Let's start from our selves ,it's in our hands
Depict the true picture of the contemporary time
May be serenity ,sin or any crime
It may become political on some time
But to bear with this all ,is not our age
If our writings touch the soul of a single human
He decides not to be again inhuman
That day our literature will grow actually
Then there will be no need to teach humanity factually .

**Asha sharma**
**Retired Bank Manager**
**Patiala Punjab**
**Contact no 8289049474**

# ਆਓ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਤਾਕਤ ਲਗਾਈਏ

ਜ਼ਿੰਦਗੀ ਬਹੁਤ ਖ਼ੂਬਸੂਰਤ ਹੈ ।ਜ਼ਿੰਦਗੀ ਜਿਊਣ ਦਾ ਢੰਗ ਸਿਖਾਉਂਦੀ ਹੈ ।ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਜ਼ਿੰਦਗੀ ਕਿਸ ਤਰ੍ਹਾਂ ਜਿਉਂ ਰਹੇ ਹਨ ।ਅੱਜਕਲ੍ਹ ਜੋ ਨੌਜਵਾਨ ਪੀੜ੍ਹੀ ਹੈ ਉਨ੍ਹਾਂ ਦੇ ਅੰਦਰ ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਹੈ।ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ ।ਜੇ ਬੱਚੇ ਗਲਤ ਚੱਲ ਰਹੇ ਹੁੰਦੇ ਹਨ ਜਾਂ ਕੋਈ ਅਜਿਹਾ ਗਲਤ ਕੰਮ ਕਰ ਦਿੰਦੇ ਹਨ ਤਾਂ ਮਾਂ ਬਾਪ ਉਨ੍ਹਾਂ ਨੂੰ ਝਿੜਕਦੇ ਹਨ ।ਮਾਂ ਬਾਪ ਨੂੰ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਕੋਈ ਬਾਹਰ ਦਾ ਬੰਦਾ ਆ ਕੇ ਇਹ ਨਾ ਕਹੇ ਕਿ ਤੁਹਾਡੇ ਬੱਚੇ ਨੇ ਇਹ ਗਲਤ ਕੰਮ ਕੀਤਾ ਹੈ ।ਪਰ ਜੋ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਹੈ ਉਹ ਗਲਤ ਰਾਹ ਪੈ ਚੁੱਕੀ ਹੈ ।

ਆਏ ਦਿਨ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਨ ਕਿ ਚੜ੍ਹਦੀ ਜਵਾਨੀ ਖੁਦਕੁਸ਼ੀਆਂ ਕਰ ਰਹੀ ਹੈ ।ਜੇ ਉਨ੍ਹਾਂ ਨੂੰ ਕੋਈ ਕਿਸੇ ਨਾਲ ਮਨ ਮੁਟਾਵ ਹੈ ਜਾਂ ਕੋਈ ਉਨ੍ਹਾਂ ਤੋਂ ਗਲਤ ਕੰਮ ਹੋ ਚੁੱਕਿਆ ਹੈ, ਤਾਂ ਉਹ ਆਪਣੇ ਮਾਂ ਬਾਪ ਨਾਲ ਕਿਉਂ ਨਹੀਂ ਗੱਲ ਸਾਂਝੀ ਕਰਦੇ ।ਕਿਉਂ ਉਹ ਇਹ ਅਜਿਹਾ ਕਦਮ ਚੁੱਕਦੇ ਹਨ ।ਅਜਿਹਾ ਜਦੋਂ ਬੱਚੇ ਕਦਮ ਚੁੱਕਦੇ ਹਨ ਤਾਂ ਪਿੱਛੋਂ ਮਾਂ ਬਾਪ ਜਿਉਂਦੇ ਜੀਅ ਹੀ ਮਰ ਜਾਂਦੇ ਹਨ।ਮਾਂ ਬਾਪ ਦੇ ਬਹੁਤ ਵੱਡੇ ਵੱਡੇ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਨ੍ਹਾਂ ਦੀ ਔਲਾਦ ਵਧੀਆ ਅਫ਼ਸਰ ਬਣੇ ।ਬੱਚਿਆਂ ਨੂੰ ਇਹ ਹੁੰਦਾ ਹੈ ਕਿ ਜੇ ਉਹ ਆਪਣੇ ਘਰ ਮਾਂ ਬਾਪ ਨੂੰ ਦੱਸਣਗੇ ਤਾਂ ਸਾਇਦ ਉਨ੍ਹਾਂ ਨੂੰ ਕੁੱਟਣਗੇ।

ਇੱਕ ਮਾਂ ਬਾਪ ਹੀ ਆਪਣੇ ਬੱਚੇ ਦੇ ਸੱਚੇ ਦੋਸਤ ਹੁੰਦੇ ਹਨ ।ਮਾਂ ਬਾਪ ਦੀ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਨਾਲ ਦੋਸਤੀ ਨਿਭਾਉਣ ।ਕੱਲ੍ਹ ਨੂੰ ਬੱਚੇ ਵੱਡੇ ਵੀ ਹੁੰਦੇ ਹਨ, ਸੋ ਕਾਲਜਾਂ, ਯੂਨੀਵਰਸਿਟੀਆਂ ਵਿੱਚ ਗੱਲਾਂ ਹੋ ਜਾਂਦੀਆਂ ਹਨ ਤਾਂ ਬੱਚੇ ਬਿਨਾਂ ਬੇਝਿਜਕ ਆਪਣੇ ਮਾਂ ਬਾਪ ਨੂੰ ਦੱਸਣਗੇ ।ਸੋ ਮਾਂ ਬਾਪ ਦੀ ਜ਼ਿੰਮੇਵਾਰੀ ਸ਼ੁਰੂ ਤੋਂ ਹੀ ਬਣ ਜਾਂਦੀ ਹੈ ਕਿ ਆਪਣੇ ਬੱਚੇ ਨਾਲ ਨੇੜਤਾ ਪਾਈ ਜਾਏ ਤਾਂ ਜੋ ਕੱਲ੍ਹ ਨੂੰ ਬੱਚੇ ਇਹ ਗਲਤ ਕਦਮ ਨਾ ਚੁੱਕਣ ।ਹਮੇਸ਼ਾ ਮਾਂ ਬਾਪ ਬੱਚਿਆਂ ਨਾਲ ਪਿਆਰ ਨਾਲ ਪੇਸ਼ ਆਉਣ। ਕਦੇ ਵੀ ਬੱਚਿਆਂ ਨਾਲ ਗੁੱਸੇ ਵਿੱਚ ਪੇਸ਼ ਨਾ ਆਉਣਾ ।ਜੇ ਅਸੀਂ ਆਪਣੇ ਬੱਚਿਆਂ ਨਾਲ ਸ਼ੁਰੂ ਤੋਂ ਹੀ ਵਧੀਆ ਵਤੀਰਾ ਕਰਾਂਗੇ ਤਾਂ ਆਉਣ ਵਾਲੇ ਸਮੇਂ ਵਿੱਚ ਬੱਚੇ ਆਪਣੀ ਜ਼ਿੰਦਗੀ ਨੂੰ ਬਹੁਤ ਖ਼ੂਬਸੂਰਤ ਬਣਾ ਸਕਦੇ ਹਨ । ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ।ਕੋਈ ਨਾ ਕੋਈ ਹੱਲ ਤਾਂ ਨਿਕਲ ਹੀ ਜਾਂਦਾ ਹੈ। ਪਰ ਖ਼ੁਦਕੁਸ਼ੀ ਕਰਨਾ ਕੋਈ ਹੱਲ ਨਹੀਂ ਹੁੰਦਾ ।ਅਕਸਰ ਅਸੀਂ ਦੇਖਦੇ ਹਨ ਕਿ ਜੋ ਡਿਪ੍ਰੈਸ਼ਨ ਚ ਚਲੇ ਜਾਂਦੇ ਹਨ ਉਹ ਅਕਸਰ ਖੁਦਕੁਸ਼ੀ ਕਰ ਲੈਂਦੇ ਹਨ ।ਕਿਉਂਕਿ ਉਹ ਆਪਣੇ ਦਿਲ ਦੀ ਗੱਲ ਕਿਸੇ ਨਾਲ ਵੀ ਸਾਂਝੀ ਨਹੀਂ ਕਰਦੇ। ਜੇ ਕੋਈ ਮੁਸ਼ਕਿਲ ਆ ਵੀ ਗਈ ਹੈ ਤਾਂ ਸਭ ਤੋਂ ਪਹਿਲਾਂ ਆਪਣੇ



ਕਰੀਬੀਆਂ ਨੂੰ ਦੱਸੋ।ਉਹ ਕੋਈ ਨਾ ਕੋਈ ਹੱਲ ਕੱਢਣਗੇ ।ਮਾਂ ਬਾਪ ਦੀ ਵੀ ਅਹਿਮ ਜਿੰਮੇਵਾਰੀ ਬਣ ਜਾਂਦੀ ਹੈ ਕਿ ਜੇ ਘਰ ਵਿੱਚ ਕੋਈ ਵੀ ਇਨਸਾਨ ਇਸ ਤਰ੍ਹਾਂ ਦੇ ਮਾਹੌਲ ਵਿੱਚ ਆਪਣੇ ਆਪ ਨੂੰ ਢਾਲ ਲੈਂਦਾ ਹੈ, ਤਾਂ ਉਸ ਨਾਲ ਸਮਾਂ ਗੁਜ਼ਾਰਨਾ ਚੰਗਾ ਹੁੰਦਾ ਹੈ ।ਅਜਿਹੇ ਬੰਦੇ ਨੂੰ ਕਦੇ ਵੀ ਇਕੱਲਾ ਨਾ ਛੱਡੋ। ਜਿਸ ਕਰਕੇ ਉਸਨੂੰ ਇਕੱਲਾਪਣ ਮਹਿਸੂਸ ਹੋਵੇ ।ਤਾਂ ਜੋ ਉਹ ਕੋਈ ਵੀ ਗਲਤ ਕਦਮ ਨਾ ਚੁੱਕੇ ।ਅਜਿਹੇ ਬੰਦੇ ਨਾਲ ਚੰਗੀਆਂ ਚੰਗੀਆਂ ਗੱਲਾਂ ਕਰੋ ।ਜਿਸ ਨਾਲ ਉਸ ਦਾ ਮਨ ਸਹੀ ਹੋਵੇਗਾ। ਚੰਗੀਆਂ ਚੰਗੀਆਂ ਕਿਤਾਬਾਂ ਪੜ੍ਹਨ ਲਈ ਕਹੋ ।ਜਿਸ ਨਾਲ ਉਸ ਦੇ ਦਿਮਾਗ ਵਿੱਚ ਘਟੀਆ ਵਿਚਾਰ ਨਹੀਂ ਪੈਦਾ ਹੋਣਗੇ ।

ਜੋ ਇਨਸਾਨ ਇਸ ਤਰ੍ਹਾਂ ਦੇ ਮਾਹੌਲ ਵਿੱਚ ਹੁੰਦਾ ਹੈ ਉਸ ਨੂੰ ਚੰਗੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਚੰਗੇ ਗਾਣੇ ਸੁਣੋ ਖੁੱਲ੍ਹੀ ਹਵਾ ਵਿੱਚ ਜਾਓ। ਪਾਰਕ ਵਿੱਚ ਸੈਰ ਕਰੋ। ਸਵੇਰੇ ਸੂਰਜ ਨਿਕਲਣ ਤੋਂ ਪਹਿਲੇ ਸੈਰ ਕਰਨ ਲਈ ਨਿਕਲ ਜਾਉ ।ਸਵੇਰ ਦਾ ਨਜ਼ਾਰਾ ਬਹੁਤ ਹੀ ਦਿਲ ਖਿੱਚਵਾਂ ਹੁੰਦਾ ਹੈ ।ਵਾਤਾਵਰਣ ਸਾਫ਼ ਸੁਥਰਾ ਹੁੰਦਾ ਹੈ। ਪੰਛੀਆਂ ਦੀਆਂ ਚਹਿਕ ਚਹਾਉਣ ਦੀਆਂ ਆਵਾਜ਼ਾਂ ਰਹੀਆਂ ਹੁੰਦੀਆਂ ਹਨ। ਗੁਰੂ ਘਰ ਦੀ ਬਾਣੀ ਕੰਨਾਂ ਵਿੱਚ ਪੈਂਦੀ ਹੈ ।ਸਾਹਿਤ ਦੀਆਂ ਬਹੁਤ ਕਿਤਾਬਾਂ ਹੁੰਦੀਆਂ ਹਨ ।ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਹੈ ।ਆਪਣੇ ਅੰਦਰ ਕੋਈ ਵੀ ਗੱਲ ਬਿਠਾ ਕੇ ਨਾ ਰੱਖੋ। ਅੱਜ ਉਹ ਸਮਾਂ ਹੈ ਜਿਹੜੀ ਵੀ ਮੁਸੀਬਤ ਪੈਂਦੀ ਹੈ, ਉਸ ਦਾ ਹੱਲ ਨਿਕਲ ਪੈਂਦਾ ਹੈ ।ਸੋ ਜ਼ਿੰਦਗੀ ਨੂੰ ਖ਼ੂਬਸੂਰਤ ਢੰਗ ਨਾਲ ਜੀਓ। ਜੇ ਜ਼ਿੰਦਗੀ ਨੂੰ ਖ਼ੂਬਸੂਰਤ ਢੰਗ ਨਾਲ ਜੀਵਾਂਗੇ ਤਾਂ ਸਾਡੇ ਦਿਮਾਗ ਵਿੱਚ ਅਜਿਹੇ ਭੈੜੇ ਖਿਆਲ ਨਹੀਂ ਆਉਣਗੇ ।ਤੇ ਅਸੀਂ ਆਪਣੀ ਜ਼ਿੰਦਗੀ ਦਾ ਸਫ਼ਰ ਆਨੰਦਮਈ ਗੁਜ਼ਾਰ ਸਕਾਂਗੇ ।

**ਸੰਜੀਵ ਸਿੰਘ ਸੈਣੀ , ਮੋਹਾਲੀ**

# ਬਾਲ ਮਨਾਂ ਦੀ ਘਾੜਤ



**ਹਰਕੀਰਤ ਕੌਰ**
**9779118066**

ਛੋਟੇ ਬੱਚਿਆਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ। ਨੰਨ੍ਹੇ ਮੁੰਨੇ ਬੱਚਿਆਂ ਦੇ ਮਨ ਫੁੱਲਾਂ ਵਾਂਗ ਕੋਮਲ ਤੇ ਪਿਆਰੇ ਹੁੰਦੇ ਹਨ। ਬਾਲ ਅਵਸਥਾ ਇੱਕ ਅਜਿਹੀ ਅਵਸਥਾ ਹੈ ਜਿਸ ਵਿੱਚ ਬੱਚੇ ਦੀ ਮਾਨਸਿਕਤਾ ਹਾਲੇ ਪੂਰੀ ਤਰ੍ਹਾਂ ਮਜਬੂਤ ਨਹੀਂ ਹੋਈ ਹੁੰਦੀ, ਉਸਦੀ ਚੇਤਨਤਾ ਹਾਲੇ ਬਣ ਰਹੀ ਹੁੰਦੀ ਹੈ ਅਤੇ ਫਿਰ ਉਸਦਾ ਵਿਕਾਸ ਹੋਵੇਗਾ। ਬੱਚਿਆਂ ਵਿੱਚ ਕਿਸੇ ਵੀ ਆਦਤ ਨੂੰ ਗ੍ਰਿਹਣ ਕਰਨ ਦੀ ਸ਼ਮਤਾ ਵਿਕਸਿਤ ਮਨੁੱਖ ਦੇ ਮੁਕਾਬਲੇ ਜਿਆਦਾ ਹੁੰਦੀ ਹੈ। ਉਸਦੀ ਚੀਜਾਂ ਨੂੰ ਵਰਤਣ ਪ੍ਰਤੀ ਖਿੱਚ, ਜਿਸ ਕੰਮ ਤੋਂ ਰੋਕਿਆ ਜਾਣਾ.... ਉਸੇ ਕੰਮ ਨੂੰ ਕਰਨ ਪ੍ਰਤੀ ਉਤਸੁਕਤਾ ਕਈ ਗੁਣਾ ਤੀਬਰ ਹੁੰਦੀ ਹੈ।

ਮਾਪਿਆਂ ਲਈ ਉਹਨਾਂ ਦੇ ਬੱਚਿਆਂ ਦਾ ਬਚਪਨ ਸਭ ਤੋਂ ਵੱਡੀ ਜਿੰਮੇਵਾਰੀ ਹੁੰਦੀ ਹੈ। ਇਸ ਵਿੱਚ ਘਰ ਦਾ ਮਾਹੌਲ, ਪਰਿਵਾਰ ਦੇ ਜੀਆਂ ਦਾ ਵਿਵਹਾਰ, ਮਾਪਿਆਂ ਦੀਆਂ ਰੁਚੀਆਂ, ਮਾਪਿਆਂ ਦੀਆਂ ਕ੍ਰਿਆਵਾਂ ਬਹੁਤ ਅਹਿਮ ਹੁੰਦੀਆਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਅਵਸਥਾ ਵਿੱਚ ਬੱਚੇ ਗੱਲਾਂ ਦੇ ਅਰਥ ਭਾਵੇਂ ਘੱਟ ਸਮਝਦੇ ਹਨ ਪਰ ਉਹਨਾਂ ਨੂੰ ਸਿੱਖਣ ਲਈ ਹਮੇਸਾ ਯਤਨਸੀਲ ਰਹਿੰਦੇ ਹਨ। ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਦੀ ਉਸਾਰੀ ਵਿੱਚ ਬਚਪਨ ਦੀਆਂ ਆਦਤਾਂ ਬਹੁਤ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਇਸ ਅਵਸਥਾ ਵਿੱਚ ਪਰਿਵਾਰ ਦੇ ਜੀਆਂ ਨੂੰ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਜਿਵੇਂ ਕਿ ਬੱਚਿਆਂ ਸਾਹਮਣੇ ਕਦੇ ਵੀ ਲੜਾਈ ਝਗੜਾ ਨਾ ਕਰਨਾ, ਗਲਤ ਸ਼ਬਦਾਵਲੀ ਦੀ ਵਰਤੋਂ ਨਾ ਕਰਨਾ, ਬੱਚਿਆਂ ਨੂੰ ਗੁਰਬਾਣੀ ਸਰਵਣ ਕਰਾਉਣੀ। ਘਰ ਪਰਿਵਾਰ ਵਿੱਚ ਸੁਚੱਜੇ ਤਰੀਕੇ ਨਾਲ ਵਿਚਰਿਆ ਜਾਵੇ, ਹਰ ਕੰਮ ਯੋਜਨਾਬੱਧ ਤਰੀਕੇ ਨਾਲ ਕੀਤਾ ਜਾਵੇ ਤਾਂ ਜੋ ਬੱਚੇ ਦੇ ਮਨ ਦਾ ਵਿਕਾਸ ਉਸੇ ਤਰ੍ਹਾਂ ਕੀਤਾ ਜਾ ਸਕੇ। ਮੈਂ ਅਜਿਹੇ ਬਹੁਤ ਸਾਰੇ ਮਾਪੇ ਦੇਖੇ ਹਨ ਜੋ ਬਿਨਾ ਕੁਝ ਸੋਚੇ ਸਮਝੇ ਬੱਚਿਆਂ ਦੇ ਸਾਹਮਣੇ ਬਹਿਸਦੇ ਰਹਿੰਦੇ ਹਨ ਫਿਰ ਜਦੋਂ ਬੱਚੇ ਦੀ ਕੋਈ ਮੰਗ ਜਾਂ ਜਰੂਰਤ ਪੂਰੀ ਨਹੀਂ ਕੀਤੀ ਜਾਂਦੀ ਤਾਂ ਬੱਚੇ ਦੇ ਦਿਮਾਗ ਵੱਲੋਂ ਹੂਬਹੂ ਉਸੇ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਹੈ ਜਿਵੇਂ ਉਸਨੇ ਆਪਣੇ ਪਰਿਵਾਰ ਦੇ ਜੀਆਂ ਦਾ ਦੇਖਿਆ ਹੁੰਦਾ ਹੈ। ਕਈ ਘਰਾਂ ਵਿੱਚ ਗਾਲ੍ਹਾਂ ਕੱਢਣ ਦਾ ਰਿਵਾਜ ਹੁੰਦਾ ਹੈ, ਜਿਸ ਦਾ ਬੱਚੇ ਦੀ ਸ਼ਖਸੀਅਤ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਬਾਲ ਅਵਸਥਾ ਵਿੱਚ ਬੱਚਾ ਬਹੁਤ ਗੰਭੀਰਤਾ ਨਾਲ ਆਪਣੇ ਆਲੇ ਦੁਆਲੇ ਹੋਣ ਵਾਲੀਆਂ ਕ੍ਰਿਆਵਾਂ ਨੂੰ ਗ੍ਰਹਿਣ ਕਰਦਾ ਹੈ। ਕਈ ਵਾਰ ਬੱਚਿਆਂ ਨੂੰ ਸਹੀ ਅਗਵਾਈ ਅਤੇ ਧਿਆਨ ਨਾ ਮਿਲਣ ਕਾਰਣ ਬੱਚੇ ਅਣਆਗਿਆਕਾਰੀ ਹੋ ਜਾਂਦੇ ਹਨ। ਅਜਿਹੇ ਵਿੱਚ ਮਾਪਿਆਂ ਨੂੰ ਬੱਚਿਆਂ ਨਾਲ ਸਿੱਝਣ ਲਈ ਸੁਹਜਤਾ ਦੀ ਵਰਤੋਂ ਕਰਨੀ ਚਾਹੀਦੀ ਹੈ, ਕਦੇ ਵੀ ਬੱਚਿਆਂ ਨੂੰ ਜਰੂਰਤ ਤੋਂ ਵੱਧ ਡਾਂਟਣਾ ਨਹੀ ਚਾਹੀਦਾ, ਅਜਿਹਾ ਕਰਨ ਨਾਲ ਕਈ ਕਮਜੋਰ ਦਿਲ ਬੱਚੇ ਮਾਪਿਆਂ ਦਾ ਅਜਿਹਾ ਭੈਅ ਦਿਲ ਵਿੱਚ ਬਿਠਾ ਲੈਂਦੇ ਹਨ ਕਿ ਉਹ ਉਮਰ ਭਰ ਆਪਣੇ ਮਾਪਿਆਂ ਨਾਲ ਖੁਲ੍ਹ ਨਹੀਂ ਪਾਉਂਦੇ ਅਤੇ ਹਮੇਸਾ ਉਹਨਾਂ ਤੋਂ ਝਿਜਕਦੇ ਰਹਿੰਦੇ ਹਨ।

ਮਾਪਿਆਂ ਨੂੰ ਬੱਚਿਆਂ ਦੇ ਸਾਹਮਣੇ ਗੁਰਬਾਣੀ, ਕਿਤਾਬਾਂ ਜਰੂਰ ਪੜ੍ਹਨੀਆਂ ਚਾਹੀਦੀ ਹੈ ਤਾਂ ਜੋ ਬੱਚਿਆਂ ਦੀ ਮਾਨਸਿਕਤਾ ਇਸ ਤਰ੍ਹਾਂ ਵਿਕਸਿਤ ਹੋਵੇ ਕਿ ਉਹਨਾਂ ਨੂੰ ਕਿਤਾਬਾਂ ਪੜ੍ਹਨਾ ਜਰੂਰੀ ਲੱਗਣ ਲੱਗੇ ।ਮਾਪੇ ਬੱਚਿਆਂ ਦੇ ਸਾਮ੍ਹਣੇ ਘੱਟ ਤੋਂ ਘੱਟ ਮੋਬਾਇਲ ਦੀ ਵਰਤੋਂ ਕਰਨ। ਉਹਨਾਂ ਦਾ ਮਨ ਗੁਰਬਾਣੀ, ਕਿਤਾਬਾਂ ਤੇ ਕੁਦਰਤ ਵਿੱਚ ਲਗਾ ਕੇ ਰੱਖੋ ।

ਇਹਨਾਂ ਕੁਝ ਤਰੀਕਿਆਂ ਨਾਲ ਅਸੀਂ ਬਾਲ ਮਨਾਂ ਦੀ ਇੱਕ ਸੁਚੱਜੀ ਘਾੜਤ ਘੜ ਸਕਦੇ ਹਾਂ ।ਇੱਕ ਬੱਚੇ ਦਾ ਵਿਵਹਾਰ ਵੱਡੇ ਹੋਕੇ ਕਿਵੇਂ ਦਾ ਹੋਵੇਗਾ ਇਸ ਵਿੱਚ ਉਸ ਦਾ ਬਚਪਨ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਦੇ ਮੈਂਬਰਾਂ ਦਾ ਵਿਵਹਾਰ ਬੱਚਿਆਂ ਦੇ ਮਨ ਦੀ ਘਾੜਤ ਵਿੱਚ ਮੂਹਰਲੇ ਵਿੱਚ ਆਉਦਾ ਹੈ ਕਿਉਂਕਿ ਬੱਚੇ ਅਸੀਂ ਕੀ ਕਹਿੰਦੇ ਹਾਂ ਨਾਲੋਂ ਅਸੀਂ ਕੀ ਕਰਦੇ ਹਾਂ ਬਾਰੇ ਵਧੇਰੇ ਜਾਨਣਾ ਚਾਹੁੰਦੇ ਹਨ। ਬੱਚਿਆਂ ਨੂੰ ਉਹਨੇ ਦੇ ਮਨ ਦੀ ਸੁਚੱਜੀ ਘਾੜਤ ਲਈ ਮਾਪਿਆਂ ਦੇ ਸਮਰਥਨ ਦੀ ਭਰਪੂਰ ਜਰੂਰਤ ਹੁੰਦੀ ਹੈ।

# ਸੱਤ ਸਮੁੰਦਰੋਂ ਪਾਰ ਪੁਰਾਣੇ ਪੰਜਾਬੀ ਤਵਿਆਂ ਦਾ ਖਜ਼ਾਨਾਂ ਰੱਖੀ ਬੈਠਾ 'ਗੁਰਦੇਵ ਸਿੱਧੂ ਗੋਗਾ'

ਬੀਤੇ ਵੇਲਿਆਂ ਵਿੱਚ ਗੀਤ-ਸੰਗੀਤ ਦੀ ਭੁੱਖ ਨੂੰ ਤ੍ਰਿਪਤ ਕਰਨ ਲਈ ਲੋਕਾਂ ਕੋਲ ਅੱਜ ਵਰਗੇ ਸਾਧਨ ਨਹੀਂ ਸਨ ਹੁੰਦੇ। ਮੇਲਿਆਂ ਜਾਂ ਇਕੱਠਾਂ ਵਿਚ ਜਾ ਕੇ ਅਖਾੜਿਆਂ ਦੇ ਰੂਪ ਵਿੱਚ ਲੋਕ-ਸਾਜਾਂ ਦੀ ਮਦਦ ਨਾਲ ਗਾਏ ਜਾ ਰਹੇ ਕਿੱਸਿਆਂ ਅਤੇ ਗਵੰਤਰੀਆਂ ਦੁਆਰਾ ਗਾਈਆਂ ਜਾਂਦੀਆਂ ਬੀਰਰਸੀ ਵਾਰਾਂ ਨੂੰ ਸੁਣਨਾ ਹੀ ਸੰਗੀਤ-ਪ੍ਰੇਮੀਆਂ ਦੀ ਰੂਹ ਦੀ ਖੁਰਾਕ ਹੁੰਦੀ ਸੀ। ਫਿਰ ਵਿਗਿਆਨ ਅਤੇ ਤਕਨੀਕ ਸਦਕਾ ਗੀਤ-ਸੰਗੀਤ ਦੇ ਖੇਤਰ ਵਿਚ ਤਬਦੀਲੀ ਆਈ, ਜਿਸ ਦੇ ਸਿੱਟੇ ਵਜੋਂ ਤਵਿਆਂ ਵਾਲੀ ਮਸ਼ੀਨ, ਜਿਸ ਨੂੰ ਗ੍ਰਾਮੋਫੋਨ ਵੀ ਕਿਹਾ ਜਾਂਦਾ ਹੈ, ਹੋਂਦ ਵਿਚ ਆਈ। ਇਸ ਸਾਧਨ ਦੇ ਆਉਣ ਨਾਲ ਗੀਤ-ਸੰਗੀਤ ਦੇ ਖੇਤਰ ਵਿੱਚ ਇਕ ਨਵੇਂ ਦੌਰ ਦਾ ਆਰੰਭ ਹੋਇਆ। ਉਸ ਸਮੇਂ ਇਹ ਮਸ਼ੀਨਾਂ ਵਿਦੇਸ਼ੀ ਕੰਪਨੀਆਂ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਸਨ। ਫਿਰ ਐਚ ਐਮ ਵੀ ਕੰਪਨੀ ਨੇ ਭੁਰਤ ਵਿਚ ਇਹ ਮਸ਼ੀਨਾਂ ਤਿਆਰ ਕਰਕੇ ਵੇਚਣੀਆਂ ਆਰੰਭ ਕਰ ਦਿੱਤੀਆਂ ਸਨ। ਇਨ੍ਹਾਂ ਮਸ਼ੀਨਾਂ 'ਤੇ ਚੱਲਣ ਵਾਲੇ ਤਵੇ ( ਰਿਕਾਰਡ) ਪਹਿਲਾਂ-ਪਹਿਲਾ ਇੰਗਲੈਂਡ ਦੀਆਂ ਕੰਪਨੀਆਂ ਦੁਆਰਾ ਬਣਾਏ ਜਾਂਦੇ ਸਨ। ਬਾਅਦ ਵਿੱਚ ਭਾਰਤ ਵਿੱਚ ਹੀ ਬਹੁਤ ਸਾਰੀਆਂ ਕੰਪਨੀਆਂ ਤਵਿਆਂ ਦਾ ਨਿਰਮਾਣ ਕਰਨ ਲੱਗੀਆਂ। ਸੰਨ 1971 ਤੱਕ ਪੱਥਰ ਦੇ ਤਵੇ ਬਣਾਏ ਜਾਂਦੇ ਰਹੇ। ਸਾਲ 1971 ਤੋਂ 1988 ਤੱਕ ਪਲਾਸਿਟਕ ਦੇ ਬਣਦੇ ਰਹੇ। ਤਵੇ ਆਮ ਤੌਰ 'ਤੇ ਦੋ ਸਾਈਜ਼ਾਂ ਦੇ ਬਣਦੇ ਸਨ। ਐਲ ਪੀ ਭਾਵ ਲੌਂਗ ਪਲੇਅ। ਦੂਜਾ ਈ ਪੀ ਭਾਵ ਐਕਸਟੈਡ ਪਲੇਅ। ਪੱਥਰ ਦੇ ਤਵੇ ਐਚ ਐਮ ਵੀ, ਹਿੰਦੁਸਤਾਨ ਰਿਕਾਰਡਿੰਗ ਕੰਪਨੀ, ਕੋਲੰਬੀਆ ਅਤੇ ਏਂਜਲਸ ਰਿਕਾਰਡਿੰਗ ਆਦਿ ਕੰਪਨੀਆਂ ਬਣਾਉਂਦੀਆਂ ਸਨ। ਪਲਾਸਟਿਕ ਦੇ ਤਵੇ ਈ ਐਮ ਆਈ, ਉਡੀਅਨ, ਇਨਰੀਕੋ, ਏਂਜਲਸ, ਐਚ ਐਮ ਵੀ, ਸ਼ਿਵ ਦੁਰਗਾ, ਟੀ ਐਮ ਸੀ, ਕੇ ਐਮ ਸੀ, ਕੇ ਆਰ ਸੀ, ਰਿਧਮ ਕੈਪਕੋ ਆਦਿ ਕੰਪਨੀਆਂ ਤਿਆਰ ਕਰਦੀਆਂ ਸਨ। ਸੰਨ 1990 ਤੋਂ ਪਹਿਲਾਂ ਹੀ ਇਸ ਸੁਨਹਿਰੇ ਦੌਰ ਦਾ ਅੰਤ ਹੋ ਗਿਆ ਭਾਵ ਮੁਕੰਮਲ ਰੂਪ ਵਿੱਚ ਤਵੇ ਬਣਨੇ ਬੰਦ ਹੋ ਗਏ। ਇਹ ਤਵੇ, ਮਸ਼ੀਨਾਂ ਸਾਡਾ ਵਿਰਸਾ ਹਨ, ਜਿਸ ਨੇ ਸਾਨੂੰ ਅਜਿਹੇ ਗੀਤ ਦਿੱਤੇ ਜਿਨ੍ਹਾਂ ਨੂੰ ਲੋਕ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ। ਸਾਡੇ ਸਮਾਜ ਵਿੱਚ ਅੱਜ ਵੀ ਆਪਣੇ ਇਸ ਵਿਰਸੇ ਨੂੰ ਪਿਆਰ ਕਰਨ ਵਾਲੇ ਲੋਕ ਮੌਜੂਦ ਹਨ, ਜਿਨ੍ਹਾਂ ਨੇ ਅੱਜ ਦੇ ਕੰਪਿਊਟਰ ਯੁੱਗ ਵਿੱਚ ਵੀ ਪੁਰਾਣੇ ਤਵੇ ਤੇ ਮਸ਼ੀਨਾਂ ਨੂੰ ਘਰਾਂ ਵਿੱਚ ਸਾਂਭ ਕੇ ਰੱਖਿਆ ਹੋਇਆ ਹੈ। ਅਜਿਹਾ ਹੀ ਇੱਕ ਸ਼ਖਸ ਹੈ ਗੁਰਦੇਵ ਸਿੱਧੂ ਗੋਗਾ। ਪਿੰਡ ਦੀਦਾਰੇ ਵਾਲਾ ਦੇ ਜੰਮਪਲ ਤੇ ਕੈਨੇਡਾ ਦੇ ਸ਼ਹਿਰ ਟੋਰੰਟੋ ਵਿੱਚ ਰਹਿ ਰਹੇ ਇਸ ਸ਼ਖਸ ਨੇ ਤਵਿਆਂ ਤੇ ਮਸ਼ੀਨਾਂ ਦੀ ਵਿਰਾਸਤ ਨੂੰ ਆਪਣੇ ਕੈਨੇਡਾ ਵਾਲੇ ਘਰ 'ਚ ਸਾਂਭ ਕੇ ਰੱਖਿਆ ਹੋਇਆ ਹੈ। ਪੁਰਾਤਨ ਸੰਗੀਤ ਨੂੰ ਅਥਾਂਹ ਪਿਆਰ ਕਰਨ ਵਾਲੇ ਗੁਰਦੇ ਸਿੱਧੂ ਨੇ ਤਕਰੀਬਨ ਸਾਰੇ ਪੰਜਾਬੀ ਗਾਇਕਾਂ-ਗਾਇਕਾਵਾਂ (ਜਿਨ੍ਹਾਂ ਵਿੱਚ ਪਾਕਿਸਤਾਨੀ ਪੰਜਾਬ ਦੇ ਗਾਇਕ ਵੀ ਸ਼ਾਮਿਲ ਹਨ) ਦੇ ਰਿਕਾਰਡ ਪੱਥਰ ਅਤੇ ਪਲਾਸਟਿਕ ਤੋਂ ਬਣੇ ਤਵੇ) ਸਾਂਭੇ ਹੋਏ ਹਨ। ਇਨ੍ਹਾਂ 'ਚੋਂ ਕੁੱਝ ਗਾਇਕ ਤਾਂ ਅਜਿਹੇ ਵੀ ਹਨ, ਜਿਨ੍ਹਾਂ ਦੇ ਨਾਂਅ ਵੀ ਸਾਡੀ ਅੱਜ ਦੀ ਪੀੜ੍ਹੀ ਵਿਸਾਰ ਚੁੱਕੀ ਹੈ। ਅਜਿਹੇ ਹਜ਼ਾਰਾਂ ਦੀ ਗਿਣਤੀ ਵਿੱਚ ਤਵੇ ਉਸ ਦੀ ਲਾਇਬ੍ਰੇਰੀ ਵਿੱਚ ਸਾਂਭੇ ਹੋਏ ਹਨ। ਉਸਦੀ ਸੰਗੀਤਕ ਲਾਇਬ੍ਰੇਰੀ ਵਿਚ ਮੁਹੰਮਦ ਸਦੀਕ (ਮੁਹੰਮਦ ਰਫੀ ਦਾ ਭਰਾ), ਸਬੀਤਾ ਸਾਥੀ, ਸੁਰਿੰਦਰ ਕੋਹਲੀ, ਏ ਐਸ ਕੰਗ, ਜਸਵਿੰਦਰ ਚੋਪੜਾ, ਬੀਬੀ ਚੰਦਾ, ਨਰਿੰਦਰ ਚੰਚਲ, ਗੁਰਚਰਨ ਪਾਲ ਮਾਛੀਵਾੜਾ, ਰੰਗੀਲਾ ਜੱਟ, ਰਾਜਿੰਦਰ ਸਿੰਘ ਰਾਜਨ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਢਾਡੀ ਜੋਗਿੰਦਰ ਸਿੰਘ ਜੌਹਰ, ਸਰੂਪ ਸਿੰਘ ਸਰੂਪ, ਚਾਂਦੀ ਰਾਮ ਚਾਂਦੀ, ਦਿਲਰਾਜ ਕੌਰ, ਗੁਰਮੀਤ ਬਾਵਾ, ਕਿਰਪਾਲ ਬਾਵਾ, ਅਮਰ ਸਿੰਘ ਸ਼ੇਰਪੁਰੀ, ਰਣਜੀਤ ਗਿੱਲ ਧੂਰੀ, ਬਿਮਲਾ ਸ਼ਰਮਾ, ਸੀਤਲ ਸਿੰਘ ਸ਼ੀਤਲ, ਸੰਤੋਸ਼ ਕੁਮਾਰੀ, ਰਛਪਾਲ ਸਿੰਘ ਪਾਲ, ਰੰਗਾ ਸਿੰਘ ਮਾਨ, ਪ੍ਰਮਿੰਦਰ ਸੰਧੂ, ਗੁਰਮੇਲ ਪੰਛੀ, ਆਸਾ ਸਿੰਘ ਮਸਤਾਨਾ, ਕਰਨੈਲ ਸਿੰ ਰਾਮੂਵਾਲੀਆਂ, ਰਣਜੀਤ ਸਿੰਘ ਸਿੱਧਵਾਂ, ਢਾਡੀ ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ ਆਦਿ ਦੀਆਂ ਵਾਰਾਂ ਤੇ ਗੀਤ 'ਯਾਦ ਰੱਖੀ ਵੇ ਮਾਹੀ', 'ਕਿੱਥੇ ਗਏ ਦਿਨ ਓਹ', 'ਤੈਨੂੰ ਦਿਲ ਦੇ ਵਿਚ ਵਸਾਇਆ ਏ', 'ਲੰਬੜਾ ਦੀ ਨੂੰਹ ਨੱਚਦੀ', 'ਦਰਾਂ ਮੂਹਰੇ ਬੁੱਕਦਾ ਫਿਰੇ', 'ਜਿਵੇਂ ਟੁੱਟਦੀ ਡੇਕ ਦੀ ਟਾਹਣੀ', 'ਆ ਗਿਆ ਅੱਜ ਖੁਦਾ', 'ਮਿੱਤਰ ਪਿਆਰੇ ਨੂੰ', ' ਤੈਨੂੰ ਮੇਰਾ ਪ੍ਰਣਾਮ', ' ਇਉਂ ਕਹਿਣ ਗੁਰੂ ਦੇ ਲਾਡਲੇ', 'ਕਿੰਨੇ ਸੋਹਣੇ ਬਾਲ ਨੇ', 'ਵਿੱਚ ਕਚਹਿਰੀ ਖੜ੍ਹ ਗਏ', 'ਇਸ ਸਿੱਖੀ ਦੀਆਂ ਲੰਬੀਆਂ ਕਹਾਣੀਆਂ', ' ਅਸਾਂ ਨੀ ਤੇਰਾ ਦੀਨ ਮੰਨਣਾ', ' ਪੰਜਾਬ ਦੀਆਂ ਸ਼ੇਰ ਬੱਚੀਆਂ', ' ਮੈਨੂੰ ਪਾਰ ਲੰਘਾ ਦੇ ਵੇ', 'ਮੱਝੀਆਂ ਚਰਾਵੇ', 'ਇਕ ਸੋਨੇ ਦੀ ਨੱਥ ਘੜਾ ਦੇ', 'ਛੜਿਆਂ ਦਾ ਸ਼ੌਂਕ ਬੁਰਾ', 'ਨਾਨਕ ਨਾਨਕ ਬੋਲਦਾ', 'ਪੰਦਰਾਂ ਤੇ ਪੰਦਰਾਂ ਤੀਹ ਮੁੰਡਿਆ', 'ਜਾਗੋ ਆਈ ਆ', 'ਛਣਕਾਟਾ ਪੈਂਦਾ ਗਲੀ ਗਲੀ', 'ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ', 'ਭਗਤ ਸਿੰਘ ਦੀ ਘੋੜੀ', 'ਦੁਨੀਆਂ ਚਹੁੰ ਦਿਨਾਂ ਦਾ ਮੇਲਾ', 'ਕੌਰੂ ਬਾਦਸ਼ਾਹ', 'ਦਸ਼ਮੇਸ਼ ਗੁਰੂ ਦੇ ਲਾਲਾਂ ਨੂੰ ਨਾ ਮਾਰ ਸੂਬਿਆਂ', ' ਸਾਹਿਬਾਂ ਵਾਜਾਂ ਮਾਰਦੀ ਆਦਿ ਗੀਤ ਤੇ ਰਿਕਾਰਡ ਸਾਂਭੇ ਹੋਏ ਹਨ। ਪੁਰਾਣੇ ਰਿਕਾਰਡਾਂ ਦਾ ਭੰਡਾਰ ਗੁਰਦੇ ਸਿੱਧੂ ਨੇ ਇੰਨਾ ਸੰਭਾਲ ਕੇ ਰੱਖਿਆ ਹੋਇਆ ਹੈ ਕਿ ਅੱਜ ਵੀ ਇਨ੍ਹਾਂ ਦੀ ਬਾਹਰੀ ਚਮਕ ਜਿਉਂ ਦੀ ਤਿਉਂ ਕਾਇਮ ਹੈ। ਇਨ੍ਹਾਂ ਰਿਕਾਰਡਾਂ ਨੂੰ ਸੁਣਨ ਵਾਸਤੇ ਉਸ ਕੋਲ 10 ਕੁ ਗ੍ਰਾਮੋਫੋਨ ਮਸ਼ੀਲਾਂ ਦੇ ਵੱਖ-ਵੱਖ ਮਾਡਲ ਵੀ ਸਾਂਭੇ ਹੋਏ ਹਨ, ਇਹ ਸਾਰੀਆਂ ਮਸ਼ੀਨਾਂ ਚਾਲੂ ਹਾਲਤ ਵਿੱਚ ਹਨ। ਮੇਰੀ-ਮੇਰੀ ਤੋਂ ਕੋਹਾਂ ਦੂਰ ਰਹਿਣ ਵਾਲਾ ਤੇ ਸਭ ਦਾ ਸਤਿਕਾਰ ਕਰਨ ਵਾਲਾ ਗੁਰਦੇਵ ਸਿੱਧੂ ਗੋਗਾ ਪੁਰਣੇ ਪੰਜਾਬੀ ਗਾਣਿਆਂ ਨੂੰ ਵਟਸਐਪ ਗਰੁੱਪਾਂ ਵਿਚ ਵੀ ਸ਼ੇਅਰ ਕਰਦਾ ਹੈ ਤਾਂ ਕਿ ਨਵੀਂ ਪੀੜ੍ਹੀ ਵੀ ਉਸਦੇ ਇਸ ਅਨਮੋਲ ਸੰਗੀਤਕ ਖਜ਼ਾਨੇ ਦਾ ਆਨੰਦ ਮਾਣ ਸਕੇ। ਉਸ ਦਾ ਮਕਸਦ ਸਿਰਫ ਤੇ ਸਿਰਫ ਨੌਜਵਾਨ ਪੀੜ੍ਹੀ ਨੂੰ ਸੱਭਿਆਚਾਰ ਨਾਲ ਜੋੜਨ ਲਈ ਤੇ ਇਸ ਤੋਂ ਜਾਣੂ ਕਰਵਾਉਣ ਲਈ ਹੈ। ਗੁਰਦੇਵ ਸਿੱਧੂ ਗੋਗਾ ਦਾ ਇਹ ਉਪਰਾਲਾ ਵਡਿਆਉਣ ਯੋਗ ਵੀ ਹੈ ਤੇ ਸਲਾਹੁਣਯੋਗ ਵੀ ਹੈ।



**ਤਸਵਿੰਦਰ ਸਿੰਘ ਬੜੈਚ**
**ਪਿੰਡ ਦੀਵਾਲਾ, ਤਹਿਸੀਲ ਸਮਰਾਲਾ,**
**ਜਿਲ੍ਹਾ ਲੁਧਿਆਣਾ।**
**ਮੋਬਾ-7527931887**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026




# ਲੁੱਟ ਖੋਹ



ਹਰਮਨ ਸਕੂਲੇ ਪੜ੍ਹਦਾ ਪੜ੍ਹਦਾ ਹੀ ਬੁਰੀ ਸੰਗਤ ਵਿੱਚ ਪੈ ਗਿਆ ਸੀ।ਉਸ ਦੀ ਉੱਠਣੀ ਬੈਠਣੀ ਮਾੜੇ ਮੁੰਡਿਆਂ ਨਾਲ ? ਹੀ ਸੀ। ਉਹਨਾਂ ਦੀ ਸੰਗਤ ਵਿੱਚ ਉਹ ਨਸ਼ੇ ਕਰਨ ਲੱਗ ਪਿਆ ਸੀ। ਪਹਿਲਾਂ ਪਹਿਲ ਸ਼ੌਕ ਸ਼ੌਕ ਵਿੱਚ ਸਵਾਦ ਦੇਖਦਾ ਦੇਖਦਾ ਚਹੁੰ ਕੁ ਸਾਲਾਂ ਵਿੱਚ ਹੀ ਚੰਗਾ ਮੋਟਾ ਨਸ਼ਾ ਕਰਨ ਲੱਗ ਪਿਆ ਸੀ।ਪਹਿਲਾਂ ਮਾਪਿਆਂ ਨੂੰ ਪਤਾ ਨਹੀਂ ਲੱਗਿਆ ਪਰ ਜਦ ਤੱਕ ਪਤਾ ਲੱਗਿਆ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।ਉਸ ਤੋਂ ਬਾਅਦ ਤਾਂ ਮਾਪਿਆਂ ਨੇ ਉਸ ਦਾ ਨਸ਼ਾ ਛੁਡਵਾਉਣ ਲਈ ਪਤਾ ਨਹੀਂ ਕਿੰਨੇ ਕੁ ਵੇਲਣ ਵੇਲੇ, ਪਰ ਸਭ ਵਿਅਰਥ ਰਿਹਾ। ਅਗਾਂਹ ਉਸ ਨੇ ਕੀ ਪੜ੍ਹਨਾ ਸੀ ,ਬਾਰ੍ਹਵੀਂ ਮਸਾਂ ਨਕਲ ਮਾਰ ਕੇ ਪਾਸ ਕੀਤੀ ਸੀ।ਮਾਪਿਆਂ ਨੇ ਤਾਂ ਉਸ ਨੂੰ ਕਾਲਜ ਲਾਇਆ ,ਦੋ ਤਿੰਨ ਸਾਲ ਧੱਕੇ ਖਾ ਕੇ ਹਟ ਗਿਆ ਸੀ। ਵੱਡੀ ਭੈਣ ਵੀ ਨੇੜਲੇ ਪਿੰਡ ਵਿਆਹੀ ਗਈ ਸੀ।ਉਹ ਵੀ ਉਸ ਨੂੰ ਬਹੁਤ ਸਮਝਾਉਂਦੀ , ਪਰ ਹਰਮਨ ਹੁਣ ਕਿਸੇ ਦੀ ਵੀ ਨਹੀਂ ਸੁਣਦਾ ਸੀ।

ਹਰਮਨ ਦੇ ਪਿਤਾ ਕੋਲ ਚਾਹੇ ਥੋੜ੍ਹੀ ਜ਼ਮੀਨ ਸੀ,ਪਰ ਪਹਿਲਾਂ ਗੁਜ਼ਾਰਾ ਬਹੁਤ ਸੋਹਣਾ ਹੁੰਦਾ ਸੀ ।ਹੌਲੀ ਹੌਲੀ ਹਰਮਨ ਦੀ ਦਿਨ ਬ ਦਿਨ ਵਧਦੀ ਨਸ਼ੇ ਦੀ ਲਲਕ ਨੇ ਘਰ ਅਤੇ ਮਾਪੇ ਜਮ ?ਹਾਂ ਰੋਲ ? ਕੇ ਰੱਖ ਦਿੱਤੇ ਸਨ।ਮਾਪਿਆਂ ਨੇ ਉਸ ਦਾ ਖ਼ਰਚਾ ਪਾਣੀ ਬੰਦ ਕਰ ਦਿੱਤਾ।ਉਹ ਸੋਚਦੇ ਸਨ ਕਿ ਜਦ ਉਹ ਪੈਸੇ ਨਹੀਂ ਦੇਣਗੇ ਤਾਂ ਨਸ਼ੇ ਕਿੱਥੋਂ ਖ਼ਰੀਦੇਗਾ ? ਪਰ ਜਿਸ ਨੂੰ ਇਹ ਕੋਹੜ ਲੱਗ ਜਾਵੇ ਉਹ ਕਿਵੇਂ ਦੂਰ ਹੋ ਸਕਦਾ ਹੈ।

ਆਪਣੇ ਨਸ਼ਿਆਂ ਦੀ ਪੂਰਤੀ ਲਈ ਉਹ ਆਪਣੇ ਨਸ਼ੇੜੀ ਦੋਸਤਾਂ ਨਾਲ ਪਹਿਲਾਂ ਨਿੱਕੀਆਂ ਮੋਟੀਆਂ ਚੋਰੀਆਂ ਕਰਨ ਲੱਗ ਪਿਆ। ਕਿਸੇ ਦੇ ਖੇਤਾਂ ਵਿੱਚੋਂ ਮੋਟਰ ਲਾਹ ਕੇ ਜਾਂ ਕੋਈ ਹੋਰ ਛੋਟਾ ਮੋਟਾ ਸਮਾਨ ਚੁੱਕ ਕੇ ਵੇਚ ਦੇਣਾ। ਪਰ ਹੁਣ ਸੁਣਨ ਵਿੱਚ ਆਇਆ ਸੀ ਕਿ ਉਹ ਦਾਅ ਲੱਗਦੇ ਲੁੱਟਾਂ ਖੋਹਾਂ ਕਰਨ ਲੱਗ ਪਿਆ ਸੀ। ਸੁੰਨਿਆਂ ਰਾਹਾਂ ਤੇ ਕਿਸੇ ਇਕੱਲੇ ਰਾਹੀ ਦਾ ਬਟੂਆ ਖੋਹ ਲੈਣਾ, ਕਿਸੇ ਦੇ ਸੋਨੇ ਦੇ ਗਹਿਣੇ ਜਿਵੇਂ ਛਾਪਾਂ ਛੱਲੇ ਪਾਏ ਹੋਏ ਲੋਕਾਂ ਦੇ ਲਹਾ ਲੈਣੇ, ਕਿਸੇ ਦੀ ਚੈਨ ਖਿੱਚ ਲੈਣੀ। ਹੁਣ ਇਹਨਾਂ ਅੱਠ ਦਸ ਨਸ਼ੇੜੀਆਂ ਦਾ ਲੁੱਟਾਂ ਖੋਹਾਂ ਕਰਨ ਵਾਲਿਆਂ ਦਾ ਇੱਕ ਵੱਡਾ ਗਰੁੱਪ ਬਣਾ ਗਿਆ ਸੀ। ਇੱਕ ਹਨੇਰੀ ਸ਼ਾਮ ਨੂੰ ਹਰਮਨ ਦੇ ਸਾਰੇ ਨਸ਼ੇੜੀ ਦੋਸਤ ਸੜਕ ਦੇ ਕਿਨਾਰੇ ਝਾੜੀਆਂ ਵਿੱਚ ਲੁੱਟ ਖੋਹ ਕਰਨ ਲਈ ਘਾਤ ਲਗਾ ਕੇ ਬੈਠੇ ਸਨ। ਸ਼ਹਿਰ ਵੱਲੋਂ ਇੱਕ ਪਤੀ - ਪਤਨੀ ਦਾ ਜੋੜਾ ਆ ਰਿਹਾ ਸੀ। ਇਹਨਾਂ ਸਾਰਿਆਂ ਦੇ ਮੂੰਹ ਢਕੇ ਹੋਏ ਸਨ। ਉਹਨਾਂ ਵਿੱਚੋਂ ਚਾਰ ਪੰਜ ਜਾਣੇ ਉਸ ਜੋੜੇ ਵਿੱਚੋਂ ਪਤਨੀ ਨੂੰ ਖਿੱਚ ਕੇ ਖੇਤਾਂ ਵਿੱਚ ਲੈ ਗਏ ਉਸ ਦੇ ਗਹਿਣੇ ਉਤਰਵਾ ਲਏ ਤੇ ਉਸ ਦੇ ਵਿਰੋਧ ਕਰਨ ਤੇ ਉਸ ਨਾਲ ਜ਼ਬਰ ਜ਼ਿਨਾਹ ਕਰਕੇ ਉਸ ਨੂੰ ਜਾਨੋਂ ਮਾਰ ਦਿੱਤਾ।ਪਤੀ ਦੇ ਵੀ ਬਟੂਆ ਖੋਹ ਕੇ, ਛਾਪ ਤੇ ਕੜਾ ਲਾਹ ਕੇ ਉਸਨੂੰ ਅੱਧਮਰੀ ਹਾਲਤ ਵਿੱਚ ਸੁੱਟ ਗਏ। ਹਰਮਨ ਅਤੇ ਉਸ ਦੇ ਕੁਝ ਸਾਥੀ ਦੂਜੇ ਪਾਸੇ ਵਾਰਦਾਤਾਂ ਕਰਨ ਗਏ ਹੋਏ ਸਨ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਅੱਧੀ ਰਾਤ ਨੂੰ ਸਾਰੇ ਨਸ਼ੇੜੀ ਆਪਣੇ ਅੱਡੇ ਇਕੱਠੇ ਹੋਏ ਤੇ ਬਹੁਤ ਖੁਸ਼ ਸਨ ਕਿਉਂਕਿ ਅੱਜ ਉਸ ਜੋੜੇ ਕੋਲੋਂ ਵੀਹ ਪੱਚੀ ਹਜ਼ਾਰ ਨਕਦੀ ਤੇ ਕਾਫ਼ੀ ਸਾਰੇ ਗਹਿਣੇ ਹੱਥ ਲੱਗ ਗਏ ਸਨ। ਸਾਰਿਆਂ ਨੇ ਰਲ ? ਕੇ ਜਸ਼ਨ ਮਨਾਇਆ ਤੇ ਰੱਜ ਕੇ ਨਸ਼ਾ ਕੀਤਾ। ਜਦ ਅਗਲੀ ਦੁਪਹਿਰ ਤੱਕ ਨਸ਼ਾ ਉਤਰਿਆ ਤਾਂ ਹਰਮਨ ਦੇ ਘਰੋਂ ਬਹੁਤ ਸਾਰੇ ਫੋਨ ਆਏ ਹੋਏ ਸਨ। ਉਹ ਦੇਖ਼ ਕੇ ਹੈਰਾਨ ਸੀ ਕਿ ਉਸ ਦੇ ਘਰਦਿਆਂ ਨੇ ਤਾਂ ਉਸ ਦਾ ਖਹਿੜਾ ਹੀ ਛੱਡਿਆ ਹੋਇਆ ਹੈ ਫਿਰ ਅਚਾਨਕ ਘਰੋਂ ਐਨੇ ਫੋਨ ਕਿਵੇਂ ਆ ਗਏ ਸਨ। ਉਸ ਨੇ ਮਾਂ ਨੂੰ ਫ਼ੋਨ ਲਾਇਆ ਤਾਂ ਪਿੱਛੋਂ ਰੋਣ ਕਰਲਾਉਣ ਦੀਆਂ ਅਵਾਜ਼ਾਂ ਆ ਰਹੀਆਂ ਸਨ, ਫੋਨ ਗੁਆਂਢਣ ਨੇ ਚੁੱਕਿਆ ਤੇ ਕਿਹਾ,÷ਹਰਮਨ ਪੁੱਤ, ਤੁਹਾਡੇ ਨਾਲ ਤਾਂ ਕਹਿਰ ਹੋ ਗਿਆ..... ਰਾਤ ਤੇਰੀ ਭੈਣ ਤੇ ਭਣੋਈਏ ਨਾਲ ਲੁੱਟ ਖੋਹ ਦੀ ਵਾਰਦਾਤ ਹੋ ਗਈ....... ਤੇਰੀ ਭੈਣ ਦੀ ਇੱਜ਼ਤ ਲੁੱਟ ਕੇ ........ਜ਼ਾਲਮ... ਓਹਦਾ ਕਤਲ ਕਰ ਗਏ........ਜਵਾਈ ਦਾ ਵੀ........ ਕੋਈ ਪਤਾ ਨੀ ਬਚੂ ਕਿ ਨਹੀਂ।÷ ਉਹ ਸੁੰਨ ਹੋਇਆ ਖੜ੍ਹਾ ਖੜ੍ਹਾ ਆਪਣੇ ਸਾਥੀਆਂ ਵੱਲ ਵੇਖਦਾ ਵੇਖਦਾ ਉੱਥੇ ਹੀ ਜ਼ਮੀਨ ਉੱਤੇ ਧੜੰਮ ਡਿੱਗ ਗਿਆ।

# ਹੋਲੋਗ੍ਰਾਮ ਤਕਨੀਕ ਕੀ ਹੈ ਤੇ ਇਹ ਕਿਵੇਂ ਕੰਮ ਕਰਦੀ ਹੈ ?




ਅਜੋਕੇ ਯੁੱਗ ਵਿੱਚ ਵਿਗਿਆਨ ਨੇ ਇੰਨੀ ਉੱਨਤੀ ਕਰ ਲਈ ਹੈ ਕਿ ਹੁਣ ਅਸੀਂ ਕਿਸੇ ਵਸਤੂ ਨੂੰ ਉਸਦੀ ਗੈਰ-ਮੌਜੂਦਗੀ ਵਿੱਚ ਵੀ ਆਪਣੇ ਸਾਹਮਣੇ ਬਿਲਕੁਲ ਅਸਲੀ ਰੂਪ ਵਿੱਚ ਦੇਖ ਸਕਦੇ ਹਾਂ। ਇਸ ਚਮਤਕਾਰੀ ਤਕਨੀਕ ਨੂੰ 'ਹੋਲੋਗ੍ਰਾਮ' ਕਿਹਾ ਜਾਂਦਾ ਹੈ।ਆਮ ਫੋਟੋਗ੍ਰਾਫੀ ਸਿਰਫ ਦੋ ਪਸਾਰੀ (24) ਤਸਵੀਰਾਂ ਪੇਸ਼ ਕਰਦੀ ਹੈ, ਜਿਸ ਵਿੱਚ ਸਿਰਫ ਲੰਬਾਈ ਅਤੇ ਚੌੜਾਈ ਹੁੰਦੀ ਹੈ, ਪਰ ਹੋਲੋਗ੍ਰਾਮ ਇੱਕ ਅਜਿਹੀ ਤਕਨੀਕ ਹੈ ਜੋ ਪ੍ਰਕਾਸ਼ ਦੀਆਂ ਕਿਰਨਾਂ ਦੀ ਵਰਤੋਂ ਕਰਕੇ ਵਸਤੂ ਦਾ ਤਿੰਨ ਪਸਾਰੀ (34) ਚਿੱਤਰ ਹਵਾ ਵਿੱਚ ਸਿਰਜਦੀ ਹੈ। ਜੇਕਰ ਇਸ ਤਕਨੀਕ ਦੇ ਇਤਿਹਾਸ ਦੀ ਗੱਲ ਕੀਤੀ ਜਾਵੇ ਤਾਂ ਇਸ ਤਕਨੀਕ ਦੀ ਖੋਜ ਸਭ ਤੋਂ ਪਹਿਲਾਂ 1947 ਵਿੱਚ ਹੰਗਰੀ ਦੇ ਭੌਤਿਕ ਵਿਗਿਆਨੀ ਡੇਨਿਸ ਗੈਬਰ ਨੇ ਕੀਤੀ ਸੀ, ਜਿਸ ਲਈ ਉਹਨਾਂ ਨੂੰ ਨੋਬਲ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਹੋਲੋਗ੍ਰਾਮ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਜੇਕਰ ਅਸੀਂ ਇਸਦੇ ਆਲੇ-ਦੁਆਲੇ ਘੁੰਮ ਕੇ ਦੇਖੀਏ, ਤਾਂ ਸਾਨੂੰ ਵਸਤੂ ਦੇ ਵੱਖ-ਵੱਖ ਕੋਣ (angles) ਬਿਲਕੁਲ ਉਸੇ ਤਰ੍ਹਾਂ ਦਿਖਾਈ ਦਿੰਦੇ ਹਨ ਜਿਵੇਂ ਕਿ ਉਹ ਅਸਲ ਵਿੱਚ ਸਾਡੇ ਸਾਹਮਣੇ ਪਈ ਹੋਵੇ। ਅੱਜ ਇਸ ਤਕਨੀਕ ਦੀ ਵਰਤੋਂ ਸਿਰਫ ਸਿਨੇਮਾ ਜਾਂ ਵਿਗਿਆਨਕ ਪ੍ਰਯੋਗਾਂ ਤੱਕ ਸੀਮਤ ਨਹੀਂ ਰਹੀ, ਸਗੋਂ ਸਿੱਖਿਆ, ਮੈਡੀਕਲ ਵਿਗਿਆਨ, ਸੁਰੱਖਿਆ ਅਤੇ ਮਨੋਰੰਜਨ ਦੇ ਖੇਤਰਾਂ ਵਿੱਚ ਇਹ ਇੱਕ ਕ੍ਰਾਂਤੀਕਾਰੀ ਭੂਮਿਕਾ ਨਿਭਾ ਰਹੀ ਹੈ।

ਹੋਲੋਗ੍ਰਾਫੀ (Holography) ਕੀ ਹੈ ਤੇ ਇਹ ਤਕਨੀਕ ਕਿਵੇਂ ਕੰਮ ਕਰਦੀ ਹੈ ਆਓ ਆਪਾਂ ਇੱਥੇ ਇਸ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ।ਹੋਲੋਗ੍ਰਾਮ ਇੱਕ ਬਹੁਤ ਹੀ ਦਿਲਚਸਪ ਅਤੇ ਉੱਨਤ ਤਕਨੀਕ ਹੈ ਜੋ ਪ੍ਰਕਾਸ਼ ਦੇ ਜ਼ਰੀਏ ਕਿਸੇ ਵਸਤੂ ਦਾ ਤਿੰਨ-ਪਾਸਾਰੀ (34) ਚਿੱਤਰ ਬਣਾਉਂਦੀ ਹੈ। ਜਿੱਥੇ ਆਮ ਫੋਟੋਗ੍ਰਾਫੀ ਸਿਰਫ ਇੱਕ ਪਾਸੇ ਦਾ (24) ਦ੍ਰਿਸ਼ ਦਿਖਾਉਂਦੀ ਹੈ, ਉੱਥੇ ਹੋਲੋਗ੍ਰਾਮ ਤੁਹਾਨੂੰ ਵਸਤੂ ਦੇ ਆਲੇ-ਦੁਆਲੇ ਦੇਖਣ ਦਾ ਅਹਿਸਾਸ ਕਰਵਾਉਂਦਾ ਹੈ।

ਹੋਲੋਗ੍ਰਾਮ ਸ਼ਬਦ ਯੂਨਾਨੀ ਸ਼ਬਦਾਂ Holo (ਪੂਰਾ) ਅਤੇ 'Gram' (ਸੁਨੇਹਾ/ਲਿਖਤ) ਤੋਂ ਬਣਿਆ ਹੈ। ਇਸਦਾ ਮਤਲਬ ਹੈ ÷ਪੂਰੀ ਤਸਵੀਰ÷ ।ਇਹ ਇੱਕ ਅਜਿਹੀ ਤਸਵੀਰ ਹੁੰਦੀ ਹੈ ਜੋ ਹਵਾ ਵਿੱਚ ਤੈਰਦੀ ਹੋਈ ਪ੍ਰਤੀਤ ਹੁੰਦੀ ਹੈ ਅਤੇ ਇਸਨੂੰ ਦੇਖਣ ਲਈ ਕਿਸੇ ਖਾਸ ਚਸ਼ਮੇ ਦੀ ਲੋੜ ਨਹੀਂ ਹੁੰਦੀ।

ਹੋਲੋਗ੍ਰਾਮ ਬਣਾਉਣ ਦੀ ਪ੍ਰਕਿਰਿਆ ਆਮ ਕੈਮਰੇ ਨਾਲੋਂ ਬਿਲਕੁਲ ਵੱਖਰੀ ਹੈ। ਇਸ ਵਿੱਚ ਲੇਜ਼ਰ (Laser) ਲਾਈਟ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਵਿੱਚ ਇੱਕ ਲੇਜ਼ਰ ਬੀਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ—ਆਬਜੈਕਟ ਬੀਮ (Object Beam) ਅਤੇ ਰੈਫਰੈਂਸ ਬੀਮ (Reference Beam)ਇੰਟਰਫੇਰੈਂਸ (Interference): ਜਦੋਂ ਆਬਜੈਕਟ ਬੀਮ ਵਸਤੂ ਨਾਲ ਟਕਰਾ ਕੇ ਵਾਪਸ ਆਉਂਦੀ ਹੈ ਅਤੇ ਰੈਫਰੈਂਸ ਬੀਮ ਨਾਲ ਮਿਲਦੀ ਹੈ, ਤਾਂ ਇੱਕ ਖਾਸ ਪੈਟਰਨ ਬਣਦਾ ਹੈ।ਇਸ ਪੈਟਰਨ ਨੂੰ ਇੱਕ ਫੋਟੋਗ੍ਰਾਫਿਕ ਪਲੇਟ 'ਤੇ ਰਿਕਾਰਡ ਕੀਤਾ ਜਾਂਦਾ ਹੈ। ਜਦੋਂ ਇਸ ਪਲੇਟ 'ਤੇ ਦੁਬਾਰਾ ਲੇਜ਼ਰ ਜਾਂ ਸਹੀ ਰੌਸ਼ਨੀ ਪਾਈ ਜਾਂਦੀ ਹੈ, ਤਾਂ ਵਸਤੂ ਦਾ CD ਰੂਪ ਦਿਖਾਈ ਦਿੰਦਾ ਹੈ।

ਹੋਲੋਗ੍ਰਾਮ ਦੇ ਮੁੱਖ ਹਿੱਸੇ ਵਿੱਚ ਲੇਜ਼ਰ (Laser) ਰੌਸ਼ਨੀ ਦਾ ਇੱਕ ਸਾਫ਼ ਅਤੇ ਸਿੱਧਾ ਸਰੋਤ ਪ੍ਰਦਾਨ ਕਰਦਾ ਹੈ।ਇਸ ਤੋਂ ਇਲਾਵਾ ਬੀਮ ਸਪਲਿਟਰ ਲੇਜ਼ਰ ਦੀ ਕਿਰਨ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ।

ਸ਼ੀਸ਼ੇ ਦਾ ਕੰਮ (Mirrors) ਰੌਸ਼ਨੀ ਦੀਆਂ ਕਿਰਨਾਂ ਨੂੰ ਸਹੀ ਦਿਸ਼ਾ ਵਿੱਚ ਭੇਜਣਾ ਹੈ।ਹੋਲੋਗ੍ਰਾਮ ਦੀਆਂ ਕਿਸਮਾਂ ਵਿੱਚ ਟਰਾਂਸਮਿਸ਼ਨ ਹੋਲੋਗ੍ਰਾਮ ਤੇ ਰਿਫਲੈਕਸ਼ਨ ਹੋਲੋਗ੍ਰਾਮ ਪ੍ਰਮੁੱਖ ਹਨ।

ਟਰਾਂਸਮਿਸ਼ਨ ਹੋਲੋਗ੍ਰਾਮ ਇਹਨਾਂ ਨੂੰ ਦੇਖਣ ਲਈ ਪਿੱਛੇ ਤੋਂ ਲੇਜ਼ਰ ਲਾਈਟ ਦੀ ਲੋੜ ਹੁੰਦੀ ਹੈ। ਇਹ ਬਹੁਤ ਸਪਸ਼ਟ ਹੁੰਦੇ ਹਨ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮਨਜੀਤ ਮਾਨ
ਮੋਬਾਈਲ 7009898044

ਰਿਫਲੈਕਸ਼ਨ ਹੋਲੋਗ੍ਰਾਮ ਇਹ ਆਮ ਚਿੱਟੀ ਰੌਸ਼ਨੀ (ਜਿਵੇਂ ਬਲਬ ਜਾਂ ਸੂਰਜ) ਵਿੱਚ ਵੀ ਦੇਖੇ ਜਾ ਸਕਦੇ ਹਨ।ਸਾਡੇ ਕ੍ਰੈਡਿਟ ਕਾਰਡਾਂ ਜਾਂ ਨੋਟਾਂ 'ਤੇ ਲੱਗੇ ਸਟਿੱਕਰ ਇਸ ਦੀ ਉਦਾਹਰਣ ਹਨ।ਹੋਲੋਗ੍ਰਾਮ ਤਕਨੀਕ ਦੀ ਵਰਤੋਂ ਲਾਈਵ ਸੋ?ਅਜ਼ ਤੋਂ ਇਲਾਵਾ ਕਰੰਸੀ ਨੋਟਾਂ, ਪਾਸਪੋਰਟਾਂ ਅਤੇ ਕ੍ਰੈਡਿਟ ਕਾਰਡਾਂ 'ਤੇ ਨਕਲ ਰੋਕਣ ਲਈ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਮੈਡੀਕਲ ਵਿਗਿਆਨ ਵਿੱਚ ਡਾਕਟਰ ਮਨੁੱਖੀ ਅੰਗਾਂ (ਜਿਵੇਂ ਦਿਲ ਜਾਂ ਦਿਮਾਗ) ਦੇ CD ਮਾਡਲ ਦੇਖ ਕੇ ਬਿਹਤਰ ਸਰਜਰੀ ਕਰ ਸਕਦੇ ਹਨ।ਇਸ ਦੇ ਨਾਲ ਹੀ ਇਸ ਦੀ ਵਰਤੋਂ ਫਿਲਮਾਂ ਜਾਂ ਲਾਈਵ ਸ਼ੋਅਜ਼ ਵਿੱਚ ਮਰ ਚੁੱਕੇ ਕਲਾਕਾਰਾਂ ਜਾਂ ਦੂਰ ਬੈਠੇ ਲੋਕਾਂ ਨੂੰ ਸਟੇਜ 'ਤੇ ਦਿਖਾਉਣ ਲਈ ਕੀਤੀ ਜਾਂਦੀ ਹੈ।ਇਹ ਤਕਨੀਕ ਸਾਬਤ ਕਰਦੀ ਹੈ ਕਿ ਭੌਤਿਕ ਮੌਜੂਦਗੀ ਦੇ ਖ਼ਤਮ ਹੋਣ ਤੋਂ ਬਾਅਦ ਵੀ, ਕਿਸੇ ਕਲਾਕਾਰ ਦੀ ਵਿਰਾਸਤ ਨੂੰ ਉਸਦੇ ਪ੍ਰਸ਼ੰਸਕਾਂ ਦੇ ਵਿਚਕਾਰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।

34 ਹੋਲੋਗ੍ਰਾਫੀ ਰਾਹੀਂ ਭਾਰਤੀ ਅਤੇ ਪੰਜਾਬੀ ਸੰਗੀਤ ਜਗਤ ਵਿੱਚ ਆਉਣ ਵਾਲੇ ਸਮੇਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ, ਜਿੱਥੇ ਲੇਜ਼ਰ ਅਤੇ ਪ੍ਰਕਾਸ਼ ਦੀ ਵਰਤੋਂ ਨਾਲ ਅਸਲੀਅਤ ਵਰਗਾ ਅਹਿਸਾਸ ਪੈਦਾ ਕੀਤਾ ਜਾਵੇਗਾ।ਜਿਸ ਤਰ੍ਹਾਂ ਮੈਡੀਕਲ ਅਤੇ ਸੁਰੱਖਿਆ ਖੇਤਰ ਵਿੱਚ ਹੋਲੋਗ੍ਰਾਮ ਦੀ ਵਰਤੋਂ ਹੋ ਰਹੀ ਹੈ, ਉਸੇ ਤਰ੍ਹਾਂ ਮਨੋਰੰਜਨ ਜਗਤ ਵਿੱਚ ਇਹ ਤਕਨੀਕ ਮਰਹੂਮ ਕਲਾਕਾਰਾਂ ਅਤੇ ਉਹਨਾਂ ਦੇ ਚਾਹੁਣ ਵਾਲਿਆਂ ਵਿਚਕਾਰ ਦੂਰੀ ਨੂੰ ਹਮੇਸ਼ਾ ਲਈ ਖ਼ਤਮ ਕਰਨ ਦੀ ਸਮਰੱਥਾ ਰੱਖਦੀ ਨਜ਼ਰ ਆਵੇਗੀ ਹੈ। ਭਵਿੱਖ ਵਿੱਚ ਹੋਲੋਗ੍ਰਾਫਿਕ ਟੈਲੀਵਿਜ਼ਨ ਅਤੇ ਵੀਡੀਓ ਕਾਲਿੰਗ ਆਮ ਹੋ ਸਕਦੀ ਹੈ, ਜਿੱਥੇ ਤੁਹਾਡੇ ਸਾਹਮਣੇ ਬੈਠਾ ਵਿਅਕਤੀ ਅਸਲ ਵਿੱਚ ਉੱਥੇ ਨਾ ਹੋ ਕੇ ਇੱਕ ਹੋਲੋਗ੍ਰਾਮ ਹੋਵੇਗਾ।ਇਸ ਤਕਨੀਕ ਨੂੰ ਵਧੇਰੇ ਕਿਫਾਇਤੀ ਅਤੇ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਲਈ ਅਜੇ ਵੀ ਖੋਜ ਦੀ ਲੋੜ ਹੈ, ਪਰ ਭਵਿੱਖ ਵਿੱਚ ਇਹ ਤਕਨੀਕ ਸੰਚਾਰ ਦੇ ਸਾਧਨਾਂ ਵਿੱਚ ਕ੍ਰਾਂਤੀ ਲਿਆਵੇਗੀ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਸਰੀਰਕ ਤੌਰ 'ਤੇ ਮੌਜੂਦ ਨਾ ਹੁੰਦੇ ਹੋਏ ਵੀ ਹੋਲੋਗ੍ਰਾਮ ਰਾਹੀਂ ਆਪਣੇ ਅਜ਼ੀਜ਼ਾਂ ਜਾਂ ਸਹਿਕਰਮੀਆਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰ ਸਕਾਂਗੇ। ਇਹ ਤਕਨੀਕ ਮਨੁੱਖੀ ਕਲਪਨਾ ਅਤੇ ਹਕੀਕਤ ਦੇ ਵਿਚਕਾਰਲੇ ਪਾੜੇ ਨੂੰ ਮਿਟਾਉਣ ਦੀ ਸਮਰੱਥਾ ਰੱਖਦੀ ਹੈ।

# ਕਿਉਂ ਨਹੀਂ ਰੁਕ ਰਹੇ ਇਹ ਰੇਲ ਹਾਦਸੇ ?



ਇਸ ਸਮੇਂ ਭਾਰਤੀ ਰੇਲਵੇ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਰੇਲਵੇ ਨੈਟਵਰਕ ਚਲਾ ਰਹੀ ਹੈ। 20 ਜੂਨ 2024 ਨੂੰ ਅੱਠ ਡੱਬਿਆਂ ਵਾਲੀ ਰੇਲਗੱਡੀ ਦੇ ਟਰਾਇਲ ਰਾਹੀਂ ਰਾਮਬਨ ਦੇ ਸੰਗਲਦਾਨ ਤੋਂ ਚੱਲ ਕੇ ਰਿਆਸੀ ਜ਼ਿਲੇ 'ਚ ਚਿਨਾਬ ਨਦੀ 'ਤੇ ਬਣੇ ਦੁਨੀਆਂ ਦੇ ਸਭ ਤੋਂ ਉੱਚੇ ਰੇਲਵੇ ਦੇ ਆਰਕ ਪੁਲ ਤੋਂ ਲੰਘਦੀ ਹੋਈ ਪਹਿਲੀ ਵਾਰ ਰਿਆਸੀ ਸਟੇਸ਼ਨ ਪਹੁੰਚੀ। ਇਹ ਪੁੱਲ ਚਨਾਬ ਨਦੀ ਦੇ ਤੱਟ ਤੋਂ 359 ਮੀਟਰ ਉੱਚਾ ਤੇ 1.3 ਕਿਲੋਮੀਟਰ ਲੰਬਾ ਹੈ। ਭਾਰਤ ਸਰਕਾਰ ਤੇ ਰੇਲਵੇ ਮੰਤਰਾਲੇ ਨੇ ਇਸ ਸਾਲ ਦੇ ਅੰਤ ਤੱਕ ਕਸਮੀਰ ਨੂੰ ਰੇਲ ਮਾਰਗ ਰਾਹੀਂ ਦੇਸ ਨਾਲ ਜੋੜਨ ਦਾ ਟੀਚਾ ਮਿੱਥਿਆ ਹੈ।

ਇਹ ਵੱਖਰੀ ਗੱਲ ਹੈ ਕਿ ਇਸ ਤੋਂ ਸਿਰਫ ਤਿੰਨ ਦਿਨ ਪਹਿਲਾਂ 17 ਜੂਨ ਨੂੰ ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲੇ ਵਿੱਚ ਰੰਗਾਪਾਣੀ ਰੇਲਵੇ ਸਟੇਸ਼ਨ ਨੇੜੇ ਸਿਆਲਦਾ-ਅਗਰਤਲਾ ਕੰਚਨਜੰਗਾ ਐਕਸਪ੍ਰੈਸ ਨਾਲ ਇੱਕ ਮਾਲ ਗੱਡੀ ਟਕਰਾ ਗਈ, ਜਿਸ ਵਿੱਚ 15 ਲੋਕਾਂ ਦੀ ਮੌਤ ਹੋ ਗਈ ਤੇ 80 ਦੇ ਕਰੀਬ ਜਖਮੀ ਹੋਏ ਹਨ। ਇਹ ਰੇਲਗੱਡੀ ਤ੍ਰਿਪੁਰਾ ਦੇ ਅਗਰਤਲਾ ਤੋਂ ਚੱਲ ਕੇ ਪੱਛਮੀ ਬੰਗਾਲ ਦੇ ਸਿਆਲਦਾ ਨੂੰ ਜਾ ਰਹੀ ਸੀ ਅਤੇ ਰੰਗਾਪਾਣੀ ਸਟੇਸ਼ਨ ਲੰਘਣ ਉਪਰੰਤ ਕੁਝ ਦੂਰੀ 'ਤੇ ਜਾ ਕੇ ਰੁਕੀ ਹੋਈ ਸੀ। ਇਸੇ ਦੌਰਾਨ ਸਵੇਰੇ 8:42 'ਤੇ ਉਸੇ ਰੇਲਵੇ ਲਾਈਨ 'ਤੇ ਪਿੱਛੋਂ ਇੱਕ ਮਾਲ ਗੱਡੀ ਆ ਰਹੀ ਸੀ ਜੋ ਕਿ ਖੜੀ ਰੇਲ ਗੱਡੀ ਵਿੱਚ ਵੱਜਣ ਕਾਰਨ ਹਾਦਸਾ ਹੋ ਗਿਆ। ਰੇਲਵੇ ਬੋਰਡ ਦੇ ਚੇਅਰਮੈਨ ਅਨੁਸਾਰ ਮਾਲ ਗੱਡੀ ਨੇ ਕਈ ਸਿਗਨਲ ਤੋੜੇ ਜਦ ਕਿ ਰੇਲਵੇ ਸੂਤਰਾਂ ਅਨੁਸਾਰ ਆਟੋਮੈਟਿਕ ਸਿਗਨਲਾਂ ਵਿੱਚ ਕੁਝ ਤਕਨੀਕੀ ਖਰਾਬੀ ਵੀ ਹਾਦਸੇ ਦਾ ਕਾਰਨ ਹੋ ਸਕਦੀ ਹੈ। ਇਹਨਾਂ ਦੋਵੇਂ ਗੱਡੀਆਂ ਵਿੱਚ ਐਂਟੀ ਕੁਲੀਜਨ ਸਿਸਟਮ ਨਹੀਂ ਲੱਗਾ ਹੋਇਆ ਸੀ।

ਐਂਟੀ ਕੁਲੀਜਨ ਡਿਵਾਈਸ - ਮਾਰਚ 2020 ਵਿੱਚ ਸੁਰੱਖਿਆ ਕਵਚ ਪ੍ਰਣਾਲੀ (ਐਂਟੀ ਕੁਲੀਜਨ ਡਿਵਾਈਸ) ਲਾਂਚ ਕੀਤੀ ਗਈ ਸੀ। ਇਸ ਅਨੁਸਾਰ ਦੋ ਗੱਡੀਆਂ ਦੇ ਇੱਕੋ ਲਾਈਨ 'ਤੇ ਆ ਜਾਣ ਉੱਤੇ ਇੱਕ ਮਿੱਥੀ ਨਿਰਧਾਰਿਤ ਦੂਰੀ 'ਤੇ ਰੇਲ ਗੱਡੀਆਂ ਆਪਣੇ ਰੁੱਕ ਜਾਣਗੀਆਂ। ਉਸ ਵਕਤ ਕਿਹਾ ਗਿਆ ਸੀ ਕਿ ਰੇਲ ਹਾਦਸੇ ਹੁਣ ਬੀਤੇ ਦੀ ਗੱਲ ਹੋ ਮਾਹਿਰਾਂ ਅਨੁਸਾਰ ਆਹਮੋ ਸਾਹਮਣੇ ਆ ਗਈਆਂ ਟ੍ਰੇਨਾਂ ਦੀ ਟੱਕਰ ਨੂੰ ਇਸ ਪ੍ਰਣਾਲੀ ਰਾਹੀਂ ਹੀ ਰੋਕਿਆ ਜਾ ਸਕਦਾ ਹੈ। ਇਹ ਆਟੋਮੈਟਿਡ ਟਰੇਨ ਪ੍ਰੋਟੈਕਸਨ ਸਿਸਟਮ ਹੈ ਜਿਸ ਨੂੰ ਰਿਸਰਚ ਡਿਜਾਇਨ ਐਂਡ ਸਟੈਂਡਰਡ ਆਰਗਨਾਈਜੇਸ਼ਨ ਨੇ ਵਿਕਸਿਤ ਕੀਤਾ ਹੈ, ਜੋ ਕਿ ਇੱਕ ਸੈਂਸਰ ਅਧਾਰਤ ਸਵੈ ਸਰਗਰਮ ਵਿਵਸਥਾ ਹੈ। ਇਹ ਪ੍ਰਣਾਲੀ ਕਿਸੇ ਇੱਕ ਟ੍ਰੇਨ 'ਚ ਨਾ ਹੋਣ ਕਾਰਨ ਇਹ ਕੰਮ ਨਹੀਂ ਕਰਦੀ, ਇਸ ਲਈ ਇੱਕੋ ਰੇਲਵੇ ਲਾਈਨ 'ਤੇ ਆਉਣ ਵਾਲੀਆਂ ਦੋਵੇਂ ਗੱਡੀਆਂ 'ਚ ਇਹ ਸਿਸਟਮ ਦਾ ਹੋਣਾ ਜਰੂਰੀ ਹੈ। ਇਹ ਸਿਸਟਮ ਤਦ ਹੀ ਐਕਟਿਵ ਹੁੰਦਾ ਹੈ ਤੇ ਹਾਦਸਾ ਰੋਕਿਆ ਜਾ ਸਕਦਾ ਹੈ। ਮਾਰਚ 2022 ਵਿੱਚ ਕਵਚ ਨਾਲ ਜੁੜੇ ਦੋ ਲੋਕੋਆਂ ਨੂੰ ਇੱਕੋ ਲਾਈਨ 'ਤੇ ਚਲਾ ਕੇ ਇਸਦਾ ਪਰੀਖਣ ਕੀਤਾ ਸੀ, ਜੋ ਕਿ ਇੱਕ-ਦੂਜੇ ਤੋਂ 290 ਮੀਟਰ ਦੀ ਦੂਰੀ 'ਤੇ ਦੋਨੋਂ ਲੋਕੋ ਖੁਦ ਹੀ ਰੁਕ ਗਏ ਸਨ। ਇਸ ਤੋਂ ਪਹਿਲਾਂ 25 ਫਰਵਰੀ 2024, ਐਤਵਾਰ ਨੂੰ ਜੰਮੂ ਦੇ ਕਠੂਆ ਤੋਂ 53 ਡੱਬਿਆਂ ਵਾਲੀ ਇੱਕ ਮਾਲ ਗੱਡੀ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ 80 ਕਿਲੋਮੀਟਰ ਦੇ ਕਰੀਬ ਬਿਨਾਂ ਡਰਾਈਵਰ ਤੋਂ ਰੇਲਵੇ ਲਾਈਨ 'ਤੇ ਦੌੜਦੀ ਹੋਈ ਪੰਜਾਬ ਦੇ ਹੁਸ਼ਆਰਪੁਰ ਦੇ ਉੱਚੀ ਬੱਸੀ ਸਟੇਸ਼ਨ 'ਤੇ ਜਾ ਕੇ ਰੁਕੀ। ਇਸ ਮਾਲ ਗੱਡੀ ਦਾ ਡਰਾਈਵਰ ਕਠੂਆ ਸਟੇਸ਼ਨ 'ਤੇ ਗੱਡੀ ਦਾ ਇੰਜਨ ਸਟਾਰਟ ਛੱਡ ਕੇ ਹੀ ਚਾਹ ਪੀਣ ਲਈ ਉਤਰਿਆ ਤੇ ਗੱਡੀ ਆਪਣੇ ਆਪ ਚੱਲ ਪਈ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਰੇਲਵੇ ਪ੍ਰਸ਼ਾਸ਼ਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ ਤੇ ਸੋਸ਼ਲ ਮੀਡੀਆ 'ਤੇ ਵੀ ਬਹੁਤ ਕਿਰਕਰੀ ਹੋਈ ਸੀ। ਘੰਟਾ ਡੇਢ ਘੰਟਾ ਬਿਨਾਂ ਡਰਾਈਵਰ ਤੋਂ ਰੇਲਵੇ ਟਰੈਕ 'ਤੇ ਦੌੜਨ ਦੇ ਬਾਵਜੂਦ ਚੰਗੀ ਕਿਸਮਤ ਨੂੰ ਕਿਸੇ ਤਰਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾ ਰਿਹਾ।

ਹੁਣ ਗੱਲ ਕਰਦੇ ਆਂ ਉੜੀਸਾ ਦੇ ਬਾਲੇਸਵਰ ਵਿੱਚ ਤਿੰਨ ਰੇਲ ਗੱਡੀਆਂ ਵਿਚਕਾਰ ਹੋਏ ਹਾਦਸੇ ਦੀ। 2 ਜੂਨ 2023 ਨੂੰ ਬਾਲੇਸਵਰ ਦੇ ਬਾਹਾਨਾਗਾ ਰੇਲਵੇ ਸਟੇਸ਼ਨ ਨੇੜੇ ਇੱਕ ਮਾਲ ਗੱਡੀ, ਦੂਜੀ ਕੋਰੋਮੰਡਲ ਐਕਸਪ੍ਰੈਸ ਤੇ ਤੀਜੀ ਹਾਵੜਾ ਬੈਂਗਲੂਰੂ ਸੁਪਰ ਫਾਸਟ ਐਕਸਪ੍ਰੈਸ ਦੀ ਆਪਸ ਵਿੱਚ ਭਿਆਨਕ ਟੱਕਰ ਹੋਈ ਸੀ, ਜਿਸ ਵਿੱਚ 296 ਦੇ ਕਰੀਬ ਮੌਤਾਂ ਤੇ 1200 ਤੋਂ ਵਧੇਰੇ ਯਾਤਰੀ ਜਖਮੀ ਹੋਏ ਸਨ। ਮੁੱਢਲੀ ਜਾਂਚ ਅਨੁਸਾਰ ਇਹ ਹਾਦਸਾ ਇਲੈਕਟਰਾਨਿਕ ਇੰਟਰਲਾਕਿੰਗ ਤੇ ਪੁਆਇੰਟ ਮਸੀਨ ਦੇ ਬਦਲਾਅ ਕਾਰਨ ਹੋਇਆ। ਇਹ ਪ੍ਰਣਾਲੀ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਕੰਮ ਕਰਦੀ ਹੈ। 128 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀ ਇਸ ਰੇਲ ਗੱਡੀ ਨੇ ਉਕਤ ਸਟੇਸ਼ਨ ਉੱਤੇ ਰੁਕਣਾ ਨਹੀਂ ਸੀ। ਸਿਗਨਲ ਗਰੀਨ ਸੀ ਪਰ ਯਕਦਮ ਕਿਸੇ ਤਕਨੀਕੀ ਕਾਰਨ ਕਰਕੇ ਸਿਗਨਲ ਬਦਲ ਜਾਣ ਕਾਰਨ ਕੋਰੋਮੰਡਲ ਐਕਸਪ੍ਰੈਸ ਮੇਨ ਲਾਈਨ ਤੋਂ ਹਟ ਕੇ ਲੂਪ ਲਾਈਨ 'ਤੇ ਚੜ ਗਈ, ਜਿੱਥੇ ਪਹਿਲਾਂ ਹੀ ਇੱਕ ਮਾਲ ਗੱਡੀ ਖੜੀ ਸੀ। ਸੋ ਇਹ ਗੱਡੀ ਪਿੱਛੋਂ ਦੀ ਮਾਲ ਗੱਡੀ ਨਾਲ ਟਕਰਾ ਗਈ। ਰੇਲਗੱਡੀ ਦੀ ਜਆਿਦਾ ਰਫਤਾਰ ਕਾਰਨ ਗੱਡੀ ਦੇ 21 ਡੱਬੇ ਪਟੜੀ ਤੋਂ ਉਤਰ ਗਏ ਤੇ ਤਿੰਨ ਡੱਬੇ ਮੇਨ ਲਾਈਨ ਤੀਕਰ ਪਲਟ ਗਏ। ਇਸ ਉਪਰੰਤ ਉਥੋਂ ਚਨੇਈ ਵੱਲ ਜਾ ਰਹੀ ਯਸਵੰਤਪੁਰ (ਬੈਂਗਲੁਰੂ ਹਾਵੜਾ ਸੁਪਰ ਫਾਸਟ) ਐਕਸਪ੍ਰੈਸ ਗੱਡੀ ਵੀ ਹਾਦਸੇ ਦੀ ਲਪੇਟ ਵਿੱਚ ਆ ਗਈ। ਇਸ ਟਰੈਕ 'ਤੇ ਵੀ ਸੁਰੱਖਿਆ ਕਵਚ ਪ੍ਰਣਾਲੀ ਦੀ ਅਣਹੋਂਦ ਹਾਦਸੇ ਦਾ ਕਾਰਨ ਬਣੀ। ਇਹ ਰੇਲ ਹਾਦਸਾ ਪਿਛਲੇ ਤਿੰਨ ਦਹਾਕਿਆਂ ਵਿੱਚ ਦੇਸ ਦਾ ਤੀਜਾ ਸਭ ਤੋਂ ਵੱਡਾ ਰੇਲ ਹਾਦਸਾ ਸੀ। ਇਹਨਾਂ ਦੋਵੇਂ ਰੇਲ ਗੱਡੀਆਂ ਵਿੱਚ 2000 ਦੇ ਕਰੀਬ ਯਾਤਰੀ ਸਵਾਰ ਸਨ। 26 ਨਵੰਬਰ, 1998 ਨੂੰ ਖੰਨਾ ਨੇੜੇ ਕੌੜੀ ਪਿੰਡ ਵਿਖੇ ਵੀ ਸੁਵੱਖਤੇ 3.15 'ਤੇ ਵੱਡਾ ਰੇਲ ਹਾਦਸਾ ਵਾਪਰਿਆ ਸੀ, ਜਦੋਂ ਅੰਮ੍ਰਿਤਸਰ ਤੋਂ ਦਿੱਲੀ ਵੱਲ ਜਾ ਰਹੀ ਫਰੰਟੀਅਰ ਮੇਲ ਦੇ ਛੇ ਡੱਬੇ ਪਟੜੀ ਤੋਂ ਲੱਥ ਕੇ ਦੂਜੀ ਰੇਲਵੇ ਲਾਈਨ 'ਤੇ ਜਾ ਕੇ ਪਲਟ ਗਏ ਸਨ। ਇਸ ਦੌਰਾਨ ਕਲਕੱਤੇ ਤੋਂ ਆ ਰਹੀ ਜੰਮੂ ਤਵੀ ਸਿਆਲਦਾ ਐਕਸਪ੍ਰੈਸ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਡੱਬਿਆਂ ਨਾਲ ਜਾ ਟਕਰਾਈ ਤੇ ਭਿਆਨਕ ਹਾਦਸਾ ਵਾਪਰ ਗਿਆ। ਇਹਨਾਂ ਰੇਲਾਂ ਵਿੱਚ 2500 ਮੁਸਾਫਰ ਸਫਰ ਕਰ ਰਹੇ ਸਨ ਜਦਕਿ ਹਾਦਸੇ ਵਿੱਚ 212 ਦੇ ਕਰੀਬ ਲੋਕਾਂ ਦੀ ਮੌਤ ਹੋਈ ਸੀ। ਇਹਨਾਂ ਦਿਨਾਂ ਵਿੱਚ ਹੀ ਮੈਂ ਵੀ ਬਿਦਰ ਤੋਂ ਪੇਪਰ ਦੇਣ ਉਪਰੰਤ ਵਾਪਸ ਸਰਹਿੰਦ ਆਉਣਾ ਸੀ। ਅਸੀਂ ਬਿਦਰ ਤੋਂ ਬੰਗਲੌਰ ਘੁੰਮਣ ਚਲੇ ਗਏ ਤੇ ਘਰ ਦੇ ਸਾਨੂੰ ਇੱਥੇ ਉਡੀਕਦੇ ਰਹੇ। ਭਾਵੇਂ ਮੈਂ ਖੰਨੇ ਤੋਂ ਪਹਿਲਾਂ ਸਰਹਿੰਦ ਰੇਲਵੇ ਸਟੇਸ਼ਨ ਉਤੇ ਉੱਤਰ ਹੀ ਜਾਣਾ ਸੀ ਪਰ ਘਰਦਿਆਂ ਦੇ ਮਨਾਂ ਵਿੱਚ ਮਾੜੇ ਖਿਆਲ ਆਈ ਜਾਣ ਕਿ ਕਿਤੇ ਰੇਲ ਗੱਡੀ 'ਚ ਸੁੱਤਾ ਪਿਆ ਹੀ ਅੱਗੇ ਨਾ ਲੰਘ ਗਿਆ ਹੋਵਾਂ। ਉਸ ਵਕਤ ਮੇਰੇ ਘਰ ਦੇ ਕੌੜੀ ਰੇਲਵੇ ਸਟੇਸਨ 'ਤੇ ਮੈਨੂੰ ਲੱਭਣ ਵੀ ਗਏ ਸਨ। ਉਹ ਤਾਂ ਉਸ ਤੋਂ ਇੱਕ ਦੋ ਦਿਨਾਂ ਬਾਅਦ ਜਦੋਂ ਮੈਂ ਸਹੀ ਸਲਾਮਤ ਘਰ ਪਹੁੰਚਿਆ ਤਾਂ ਘਰਦਿਆਂ ਦੀ ਜਾਨ 'ਚ ਜਾਨ ਆਈ। ਆਪਣੀ ਉਮਰ ਦੇ ਪੌਣੇ ਪੰਜ ਦਹਾਕਿਆਂ ਵਿੱਚੋਂ ਛੇ ਮਹੀਨੇ ਦੇ ਕਰੀਬ ਰੇਲ ਗੱਡੀਆਂ 'ਚ ਬਿਤਾਏ ਹਨ, ਕਿਉਂਕਿ ਕਰਨਾਟਕਾ ਦੇ ਬਿਦਰ ਜ਼ਿਲੇ ਵਿੱਚ ਪੜਾਈ ਮੌਕੇ ਸਾਲ 'ਚ ਦੋ ਤਿੰਨ ਵਾਰੀ ਦੋ ਜਾਂ ਤਿੰਨ ਦਿਨ ਦਾ ਸਫਰ ਪੈਂਦਾ ਸੀ ਪੰਜਾਬ ਤੋਂ ਕਰਨਾਟਕਾ ਦਾ। ਰੇਲ ਨੂੰ ਸਸਤਾ, ਆਰਾਮਦਾਇਕ ਤੇ ਸੁਰੱਖਿਅਤ ਸਫਰ ਮੰਨਿਆ ਜਾਂਦਾ ਹੈ, ਫਿਰ ਕਿਉਂ ਸਾਡੇ ਦੇਸ਼ ਵਿੱਚ ਬਾਰ-ਬਾਰ ਰੇਲ ਹਾਦਸੇ ਹੋ ਰਹੇ ਹਨ। ਅਸੀਂ ਹਰ ਵਾਰ ਜਾਂਚ ਕਮੇਟੀਆਂ ਬਣਾ ਕੇ ਕਿਉਂ ਆਪਣੇ ਫਰਜਾਂ ਜਾਂ ਜੰਮੇਵਾਰੀਆਂ ਤੋਂ ਪੱਲਾ ਝਾੜ ਲੈਂਦੇ ਹਾਂ। ਬੁਲਟ ਟਰੇਟ ਚਲਾਉਣ ਦੇ ਦਾਅਵੇ ਕਰਨ ਵਾਲੀ ਭਾਰਤ ਸਰਕਾਰ ਨੂੰ ਬੁਲੇਟ ਟ੍ਰੇਨ ਚਲਾਉਣ ਤੋਂ ਪਹਿਲਾਂ, ਪਹਿਲਾਂ ਚੱਲ ਰਹੀਆਂ ਰੇਲ ਗੱਡੀਆਂ ਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਭਵਿੱਖ ਵਿੱਚ ਹੋਰ ਹਾਦਸੇ ਨਾ ਵਾਪਰਨ। ਆਖਿਰ ਕਿਉਂ ਨਹੀਂ ਰੁਕ ਰਹੇ ਇਹ ਰੇਲ ਹਾਦਸੇ ?

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 98889-40211

# ਜੰਗ ਦੀ ਭਿਆਨਕ ਤਬਾਹੀ ਦਾ ਮੰਜ਼ਰ




ਸਿਆਣਿਆਂ ਦੀ ਇੱਕ ਕਹਾਵਤ ਹੈ ਕਿ ਦੁਨੀਆਂ ਤੇ ਚੌਧਰ ਕਰਨ ਦੀ ਲਾਲਸਾ ਕਿਸੇ ਵੀ ਇਨਸਾਨ ਨੂੰ ਕਿਹੜੇ ਪਾਸੇ ਲੈ ਜਾਵੇ ਕੁਝ ਵੀ ਪਤਾ ਨਹੀਂ ਲੱਗਦਾ । ਕਈ ਵਾਰ ਇਨਸਾਨ ਪੈਸੇ ਅਤੇ ਚੌਧਰ ਦੇ ਵਿੱਚ ਅੰਨਾ ਹੋ ਕੇ ਅਜਿਹਾ ਕੁਝ ਕਰ ਲੈਂਦਾ ਹੈ ਜਿੱਥੇ ਉਸਦਾ ਆਪਣਾ ਤਾਂ ਨੁਕਸਾਨ ਹੁੰਦਾ ਹੀ ਹੈ ਪਰ ਉਹ ਉਸਦੇ ਨਾਲ ਹੀ ਦੂਸਰਿਆਂ ਤੇ ਵੀ ਭਾਰੀ ਪੈ ਜਾਂਦਾ ਹੈ ਅਤੇ ਇਸ ਸਾਰੇ ਵਰਤਾਰੇ ਦੌਰਾਨ ਸਾਰੀਆਂ ਧਿਰਾਂ ਦਾ ਵੱਡਾ ਨੁਕਸਾਨ ਹੋ ਜਾਂਦਾ ਹੈ । ਅਜਿਹੇ ਇਨਸਾਨ ਦੁਨੀਆ ਨੂੰ ਬਹੁਤ ਵੱਡੇ ਪੱਧਰ ਤੇ ਪ੍ਰਭਾਵਿਤ ਕਰਦੇ ਹਨ ਉਨ੍ਹਾਂ ਨੇ ਆਪਣਾ ਤਾਂ ਨੁਕਸਾਨ ਕਰਵਾਉਣਾ ਹੀ ਹੁੰਦਾ ਹੈ ਉਹ ਨਾਲ ਦੀ ਨਾਲ ਹੋਰਨਾਂ ਲੋਕਾਂ ਦਾ ਵੀ ਨੁਕਸਾਨ ਕਰਵਾਉਂਦੇ ਹਨ ਇਹ ਗੱਲ ਬਿਲਕੁਲ ਉਹਨਾਂ ਲੋਕਾਂ ਤੇ ਢੁਕਦੀ ਹੈ ਜਿਹੜੇ ਪੈਸੇ ਅਤੇ ਚੌਧਰ ਦੀ ਭੁੱਖ ਦੇ ਵਿੱਚ ਦੁਨੀਆਂ ਤੱਕ ਬਰਬਾਦ ਕਰ ਦਿੰਦੇ ਹਨ । ਭਾਵੇਂ ਅਜਿਹੇ ਲੋਕ ਪੂਰੀ ਦੁਨੀਆਂ ਦੇ ਵਿੱਚ ਅੱਜ ਵੀ ਮੌਜੂਦ ਹਨ ਉਹਨਾਂ ਦਾ ਪਤਾ ਉਸ ਵੇਲੇ ਲੱਗਦਾ ਹੈ ਜਦੋਂ ਉਹ ਰਾਜ ਸੱਤਾ ਤੇ ਕਾਬਜ਼ ਹੁੰਦੇ ਹਨ । ਪਰ ਇਹ ਵਰਤਾਰਾ ਬਿਲਕੁਲ ਗਲਤ ਹੈ ।

ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਅਤੇ ਇਰਾਨ ਦੇ ਵਿੱਚ ਜੰਗ ਚੱਲ ਰਹੀ ਹੈ । ਇਜਰਾਇਲ ਕੁਵੈਤ ਅਤੇ ਦੁਬਈ ਵਰਗੇ ਮੁਲਕ ਵੀ ਇਸ ਦਾ ਨਿਸ਼ਾਨਾ ਕਿਤੇ ਨਾ ਕਿਤੇ ਬਣ ਰਹੇ ਹਨ । ਇਸ ਭਿਆਨਕ ਜੰਗ ਦਾ ਵੱਡਾ ਖਤਰਨਾਕ ਮੰਜਰ ਇਹ ਹੈ ਕਿ ਉੱਥੇ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ ਇਰਾਕ ਦਾ ਵੱਡੀ ਪੱਧਰ ਤੇ ਨੁਕਸਾਨ ਹੋਇਆ ਹੈ ਅਤੇ ਹੋਣਾ ਤੈ ਹੈ ਪਰ ਇੱਕ ਵਾਰ ਉਸ ਨੇ ਦੁਨੀਆਂ ਦੇ ਚੌਧਰੀ ਮੰਨੇ ਜਾਂਦੇ ਮਨੁੱਖ ਨੂੰ ਵੀ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ ਅਤੇ ਉਸ ਦੀ ਪੇਸ ਨਹੀਂ ਜਾਣ ਦਿੱਤੀ ਭਾਵੇਂ ਕਿ ਅਮਰੀਕਾ ਨੇ ਇਰਾਨ ਨੂੰ ਕੁਚਲਣ ਦੀ ਨੀਤੀ ਅਪਣਾਉਂਦਿਆਂ ਵੱਡੇ ਪੱਧਰ ਤੇ ਕਾਰਵਾਈ ਆਰੰਭ ਕੀਤੀ ਸੀ ਅਤੇ ਵੱਡੇ ਵੱਡੇ ਦਾਅਵੇ ਕੀਤੇ ਸਨ ਪਰ ਉਹਨਾਂ ਦਾਅਵਿਆਂ ਦਾ ਕੀ ਬਣਿਆ ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ । ਅਮਰੀਕਾ ਭਾਵੇਂ ਆਪਣੇ ਆਪ ਨੂੰ ਸ਼ਾਂਤੀ ਦਾ ਮਸੀਹਾ ਕਹਿੰਦਾ ਰਿਹਾ ਪਰ ਜੋ ਕੁਝ ਇਸ ਜੰਗ ਦੇ ਵਿੱਚ ਵਾਪਰ ਰਿਹਾ ਹੈ ਉਸ ਨੂੰ ਵੀ ਕਦੇ ਸਹੀ ਨਹੀਂ ਕਿਹਾ ਸਕਦਾ ਹੈ । ਭਾਵੇਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ ਪਰ ਦੁਨੀਆਂ ਉੱਤੇ ਚੌਧਰ ਅਤੇ ਪੈਸੇ ਦੀ ਲਾਲਸਾ ਦੇ ਸਦਕਾ ਇੱਕ ਮੁਲਕ ਵੱਲੋਂ ਦੂਜੇ ਦਾ ਨੁਕਸਾਨ ਕੀਤਾ ਜਾ ਰਿਹਾ ਹੈ । ਇਸ ਸਾਰੇ ਵਰਤਾਰੇ ਦਾ ਹੈਰਾਨੀ ਜਨਕ ਤੱਥ ਇਹ ਹੈ ਕਿ ਇਰਾਕ ਦੀ ਧਰਤੀ ਉੱਤੇ ਜੂਨੀਵਰਸਿਟੀਆਂ ਅਤੇ ਸਕੂਲਾਂ ਦੇ ਵਿੱਚ ਮਸੂਮ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ । ਉਹਨਾਂ ਨੂੰ ਵੀ ਕੋਹ ਕੋਹ ਕੇ ਮਾਰਿਆ ਜਾ ਰਿਹਾ ਹੈ । ਇਹ ਕੁਝ ਇਜਰਾਇਲ ਦੀ ਧਰਤੀ ਤੇ ਹੋ ਰਿਹਾ ਹੈ । ਪਰ ਇਹ ਵਰਤਾਰਾ ਵਾਪਰ ਕਿਉਂ ਰਿਹਾ ਹੈ ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਸਿਰਫ ਪੈਸੇ ਅਤੇ ਚੌਧਰ ਦੀ ਭੁੱਖ ਨੇ ਸਾਡੇ ਲੀਡਰਾਂ ਨੂੰ ਇੱਕ ਤਰ੍ਹਾਂ ਨਾਲ ਨਾ ਸੋਚਣ ਲਈ ਮਜਬੂਰ ਕੀਤਾ ਹੋਇਆ ਹੈ । ਸਾਡੇ ਆਗੂਆਂ ਵੱਲੋਂ ਜੇਕਰ ਇਹੀ ਕੁਝ ਜਾਰੀ ਰਿਹਾ ਤਾਂ ਸਰ ਆਉਂਦੇ ਸਮੇਂ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ । ਜਿਸ ਦੇ ਜ਼ਿੰਮੇਵਾਰ ਸਾਡੇ ਆਗੂ ਹੋਣਗੇ । ਜਿਸ ਦਾ ਖਮਿਆਜ਼ਾ ਉਹਨਾਂ ਨੂੰ ਆਉਂਦੇ ਸਮੇਂ ਵਿੱਚ ਭੁਗਤਣਾ ਪਵੇਗਾ ।

ਪੂਰੀ ਦੁਨੀਆ ਅੰਦਰ ਇਸ ਜੰਗ ਦੀ ਚਰਚਾ ਚੱਲ ਰਹੀ ਹੈ । ਬਹੁਤ ਸਾਰੇ ਲੋਕ ਅਤੇ ਬੁੱਧੀਜੀਵੀ ਵਰਗ ਇਸ ਗੱਲ ਦੀ ਪਰੋੜਤਾ ਕਰਦਾ ਹੈ ਕਿ ਤਕੜੇ ਮੁਲਕ ਵੱਲੋਂ ਸਿਰਫ ਤੇਲ ਨੂੰ ਹਾਸਲ ਕਰਨ ਦੇ ਲਈ ਖਾੜੀ ਮੁਲਕਾਂ ਤੇ ਕਬਜ਼ਾ ਕਰਨ ਦੀ ਨੀਤੀ ਦੇ ਚਲਦਿਆਂ ਵੱਡੇ ਪੱਧਰ ਤੇ ਤੇਲ ਹਥਿਆਉਣ ਦੇ ਲਈ ਜੰਗ ਵਰਗਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ । ਇਹ ਕੋਈ ਪਹਿਲੀ ਘਟਨਾ ਨਹੀਂ ਹੈ ਇਸ ਤੋਂ ਪਹਿਲਾਂ ਵੀ ਤਾਕਤਵਰ ਮੁਲਖਾਂ ਨੇ ਜਿੱਥੇ ਜਿੱਥੇ ਤੇਲ ਦੀਆਂ ਖਾਣਾ ਸਨ ਉਹਨਾਂ ਨੂੰ ਕਾਬੂ ਕਰਨ ਦੇ ਲਈ ਗੰਭੀਰ ਯਤਨ ਕੀਤੇ ਪਰ ਉਹ ਯਤਨ ਤਨ ਰਾਸ ਆਏ ਜਾਂ ਨਾ ਆਏ ਇਹ ਅਲੱਗ ਵੱਖਰਾ ਵਿਸ਼ਾ ਹੈ । ਜੇਕਰ ਉਹਨਾਂ ਦੇ ਯਤਨ ਰਾਸ ਨਹੀਂ ਆਉਂਦੇ ਤਾਂ ਉਹਨਾਂ ਵੱਲੋਂ ਜੰਗ ਵਰਗਾ ਮਾਹੌਲ ਪੈਦਾ ਕਰਕੇ ਤੇਲ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ । ਇਹ ਵਰਤਾਰਾ ਵਰਿਆਂ ਦਰ ਵਰਿਆ ਚੱਲਦਾ ਆਇਆ ਹੈ । ਇਹ ਗੱਲ ਅਲੱਗ ਹੈ ਕਿ ਬਹੁਤ ਵਾਰ ਮੁਲਕਾਂ ਦੀ ਤਬਾਹੀ ਇਸ ਮਾਮਲੇ ਵਿੱਚ ਹੋ ਜਾਂਦੀ ਹੈ ।

ਤਕੜੇ ਵਲੋਂ ਮਾੜੇ ਨੂੰ ਲੁੱਟਣ ਦੀ ਨੀਤੀ ਵਰਿਆਂ ਤੋਂ ਸਾਡੇ ਸਮਾਜ ਦਾ ਹਿੱਸਾ ਰਹੀ ਹੈ । ਜੇਕਰ ਫਿਰ ਵੀ ਨਹੀਂ ਗੱਲ ਬਣਦੀ ਤਾਂ ਫਿਰ ਵੱਡੇ ਪੱਧਰ ਤੇ ਉਸ ਮੁਲਕ ਦਾ ਨੁਕਸਾਨ ਕਰਕੇ ਤੇਲ ਨੂੰ ਹਾਸਲ ਕਰਨ ਦੀ ਨੀਤੀ ਅਪਣਾਈ ਜਾਂਦੀ ਹੈ ਇਹ ਵਰਤਾਰਾ ਕਦਾ ਚਿੱਤ ਵੀ ਸਹੀ ਨਹੀਂ ਹੈ ਕਿਸੇ ਵੀ ਦੇਸ਼ ਨੂੰ ਕੋਈ ਹੱਕ ਨਹੀਂ ਕਿ ਉਹ ਚੌਧਰ ਅਤੇ ਪੈਸੇ ਦੀ ਭੁੱਖ ਤੇ ਵਸਤੂਆਂ ਦੀ ਖਾਤਰ ਦੂਜੇ ਮੁਲਕਾਂ ਦਾ ਉਜਾੜਾ ਕਰਕੇ ਆਮ ਜਨਤਾ ਦਾ ਨੁਕਸਾਨ ਕਰੇ ਜੰਗ ਵਿੱਚ ਨੁਕਸਾਨ ਸਿਰਫ ਆਮ ਜਨਤਾ ਦਾ ਹੁੰਦਾ ਹੈ ਲੀਡਰਾਂ ਦੇ ਕਦੇ ਵੀ ਪੁੱਤ ਨਹੀਂ ਮਰਦੇ ਫੌਜ ਦੇ ਜਵਾਨ ਵੀ ਸਾਡੀਆਂ ਮਾਵਾਂ ਦੇ ਪੁੱਤ ਹਨ ਉਹ ਵੀ ਮਰਦੇ ਹਨ । ਵੱਡੀ ਗਿਣਤੀ ਵਿੱਚ ਫੌਜ ਦਾ ਵੀ ਜੰਗ ਦੇ ਦੌਰਾਨ ਨੁਕਸਾਨ ਹੁੰਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਜੰਗ ਦੇ ਵਿੱਚ ਕਿਸੇ ਲੀਡਰ ਦਾ ਪੁੱਤ ਨਹੀਂ ਮਰਦਾ ਇਹ ਵੀ ਪਿਛਲੇ ਸਮੇਂ ਤੋਂ ਹੁੰਦਾ ਆਇਆ ਹੈ । ਜੰਗ ਦੇ ਵਿੱਚ ਸਾਡੀਆਂ ਮਾਵਾਂ ਅਤੇ ਭੈਣਾਂ ਦੇ ਭਰਾ ਮਰਦੇ ਹਨ ਧੀਆਂ ਦੇ ਸੁਹਾਗ ਉਜੜ ਜਾਂਦੇ ਹਨ ।

ਜੰਗ ਨੇ ਕਦੇ ਵੀ ਕਿਸੇ ਦਾ ਭਲਾ ਨਹੀਂ ਕੀਤਾ ਬਲਕਿ ਦੁਨੀਆਂ ਹਮੇਸ਼ਾ ਹੀ ਤਬਾਹ ਕੀਤੀ ਹੈ । ਇਸ ਜੰਗ ਦੌਰਾਨ ਵੀ ਅਸੀਂ ਵੇਖਿਆ ਅਤੇ ਬਹੁਤ ਵਾਰ ਇਹ ਮੰਗ ਵੀ ਉੱਠੀ ਕਿ ਜੇਕਰ ਲੀਡਰਾਂ ਦੇ ਬੱਚੇ ਵੀ ਜੰਗ ਦੇ ਵਿੱਚ ਚਲੇ ਜਾਣ ਤਾਂ ਸਾਇਦ ਜੰਗ ਰੁਕ ਜਾਵੇ ਇੱਕ ਸਕੂਲ ਦੇ ਵਿੱਚ ਯੂਨੀਵਰਸਟੀ ਦੇ ਵਿੱਚ ਇਰਾਨ ਦੀ ਧਰਤੀ ਤੇ ਬੱਚਿਆਂ ਦਾ ਸਮੂਹਿਕ ਕਤਲੇਆਮ ਕੀਤਾ ਗਿਆ ਜੋ ਬੇਹੱਦ ਮੰਦਭਾਗੀ ਘਟਨਾ ਸੀ ਜਿਸ ਨੂੰ ਵੇਖ ਕੇ ਦਿਲ ਤੱਕ ਦਹਿਲ ਜਾਂਦੇ ਹਨ । ਇਹ ਵਰਤਾਰਾ ਕਿਉਂ ਚੱਲ ਰਿਹਾ ਹੈ । ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਸਮਝ ਹੈ ਸੋ ਚੰਗਾ ਹੋਵੇ ਜੇਕਰ ਸ਼ਾਂਤੀ ਦਾ ਪ੍ਰਤੀਕ ਅਖਵਾਉਣ ਵਾਲੇ ਲੋਕ ਆਪਣੇ ਆਪ ਨੂੰ ਸੰਭਾਲ ਕੇ ਜੰਗਬੰਦੀ ਦਾ ਐਲਾਨ ਕਰ ਦੇਣ । ਭਾਵੇਂ ਕੁਝ ਦਿਨ ਪਹਿਲਾਂ ਜੰਗਬੰਦੀ ਦੀਆਂ ਖਬਰਾਂ ਵੀ ਆਈਆਂ ਪਰ ਅਸਲ ਵਿੱਚ ਕੀ ਵਾਪਰ ਰਿਹਾ ਹੈ ਕਿਸੇ ਨੂੰ ਕੁਝ ਵੀ ਨਹੀਂ ਪਤਾ । ਕਿਸੇ ਦੇ ਮਨ ਵਿੱਚ ਕੀ ਹੈ ਇਹ ਵੀ ਅਸੀਂ ਸਾਰੇ ਜਾਣਦੇ ਹਾਂ । ਜੰਗ ਨਾਲ ਸਿਰਫ ਨੁਕਸਾਨ ਹੁੰਦਾ ਹੈ ਚੰਗਾ ਹੋਵੇ ਜੇਕਰ ਅਮਨ ਸ਼ਾਂਤੀ ਦੀ ਕਾਮਨਾ ਕੀਤੀ ਜਾਵੇ ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸ਼ਿੰਦਰ ਸਿੰਘ ਮੀਰਪੁਰੀ
5592850841




# ਕੈਂਸਰ ਨਾਲ ਜੂਝਦਾ ਹਰ ਵਰਗ

ਅਸਲ ਵਿੱਚ ਕੈਂਸਰ ਦੀ ਬਿਮਾਰੀ ਦਾ ਸਭ ਤੋਂ ਜਿਆਦਾ ਪ੍ਰਭਾਵ ਪੰਜਾਬ ਦੇ ਕਿਰਤੀ ਲੋਕਾਂ 'ਤੇ ਪਿਆ ਹੈ। ਲਗਾਤਾਰ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਦੀ ਮਾਰ ਝੱਲਣ ਵਾਲਾ ਇਹ ਤਬਕਾ ਇਸ ਬਿਮਾਰੀ ਦਾ ਇਲਾਜ ਕਰਵਾ ਸਕਣ ਤੋਂ ਪੂਰੀ ਤਰਾਂ ਅਸਮਰੱਥ ਹੁੰਦਾ ਹੈ। ਦੂਜੇ ਪਾਸੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਸਰਕਾਰ ਲੋਕਾਂ ਨੂੰ ਸਿਹਤ ਸੁਵਿਧਾਵਾਂ ਦੇਣ ਦੀਆਂ ਆਵਦੀਆਂ ਸਾਰੀਆਂ ਜਿੰਮੇਵਾਰੀਆਂ ਤੋਂ ਭੱਜ ਚੁੱਕੀ ਹੈ ਤੇ ਕੈਂਸਰ ਪੀੜਿਤਾਂ ਲਈ ਕੋਈ ਵਿਸ਼ੇਸ਼ ਨਹੀਂ ਕਰ ਰਹੀ। ਲੋਕਾਂ ਨੂੰ ਮਜਬੂਰੀ ਵੱਸ ਕੈਂਸਰ ਦੇ ਸਸਤੇ ਇਲਾਜ ਲਈ ਬੀਕਾਨੇਰ ਜਾਣਾ ਪੈਂਦਾ ਹੈ। ਸਮੱਸਿਆ ਇਸ ਹੱਦ ਤੱਕ ਗੰਭੀਰ ਹੋ ਗਈ ਹੈ ਕਿ ਮਾਲਵੇ ਇਲਾਕੇ ਦੇ ਲੋਕਾਂ ਵਾਸਤੇ ਬੀਕਾਨੇਰ ਦਾ ਨਾਂ ਹੀ ਡਰਾਉਣਾ ਬਣ ਗਿਆ ਹੈ। ਸਰਕਾਰ ਨੇ ਬਿਮਾਰੀ ਨਾਲ ਨਜਿੱਠਣ ਵਾਸਤੇ ਕੋਈ ਉਪਰਾਲਾ ਕਰਨ ਦੀ ਥਾਂ ਇੱਕ ਸ਼ਪੈਸ਼ਲ ਰੇਲ-ਗੱਡੀ ਦਾ ਬੀਕਾਨੇਰ ਜਾਣ ਵਾਸਤੇ ਪ੍ਰਬੰਧ ਕਰ ਦਿੱਤਾ ਹੈ, ਜਿਸਦਾ ਨਾਂ ਹੀ 'ਕੈਂਸਰ ਐਕਸਪ੍ਰੈਸ' ਹੈ। ਆਵਦਾ ਮੂੰਹ ਢੱਕਣ ਲਈ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕੈਂਸਰ ਮਰੀਜਾਂ ਦੇ ਇਲਾਜ ਲਈ ਰਾਹਤ ਫੰਡ ਤਹਿਤ ਕੁਝ ਮਮੂਲੀ ਜਿਹੀ ਰਕਮ ਰੱਖੀ ਜਾਂਦੀ ਹੈ, ਜਿਸ ਤਹਿਤ ਕੈਂਸਰ ਨਾਲ ਪੀੜਿਤ ਮਰੀਜ ਨੂੰ ਡੇਢ ਲੱਖ ਰੁਪਏ ਦਿੱਤੇ ਜਾਂਦੇ ਹਨ। ਪਰ ਇਹ ਸਕੀਮ ਵੀ ਬਾਕੀ ਸਕੀਮਾਂ ਵਾਂਗੂੰ ਕਾਗਜ਼ਾਂ ਦਾ ਸ਼ਿੰਗਾਰ ਬਣੀ ਹੋਈ ਹੈ। ਅਸਲੀਅਤ ਇਹ ਹੈ ਕਿ ਸਹਾਇਤਾ ਰਕਮ ਹਾਸਲ ਕਰਨ ਵਾਸਤੇ ਗਰੀਬਾਂ ਨੂੰ ਸਰਕਾਰੇ-ਦਰਬਾਰੇ ਲੇਲੜੀਆਂ ਕੱਢਣੀਆਂ ਪੈਂਦੀਆਂ ਹਨ। ਜਦੋਂ ਇੱਕ ਪਾਸੇ ਕਿਸੇ ਗਰੀਬ ਦੇ ਘਰ ਕੈਂਸਰ ਵਰਗੀ ਆਫ਼ਤ ਆਣ ਪੈਂਦੀ ਹੈ, ਇਲਾਜ ਕਰਵਾਉਣ ਲਈ ਆਵਦਾ ਰੁਜ਼ਗਾਰ ਛੱਡਣਾ ਪੈਂਦਾ ਹੈ, ਉੱਤੋਂ ਕੈਂਸਰ ਰਾਹਤ ਫੰਡ ਲਈ ਉਸਨੂੰ ਦਫਤਰਾਂ 'ਚ ਧੱਕੇ ਖਾਣੇ ਪੈਂਦੇ ਹਨ। ਭਾਵ ਕਿ ਕੈਂਸਰ ਤੋਂ ਪੀੜਿਤ ਇੱਕ ਗਰੀਬ ਪਰਿਵਾਰ 'ਤੇ ਇੱਕ ਤਰ੍ਹਾਂ ਦੀ ਆਫ਼ਤ ਹੀ ਟੁੱਟ ਪੈਂਦੀ ਹੈ।

ਕੈਂਸਰ ਹਸਪਤਾਲਾਂ ਦੇ ਨਾਂ 'ਤੇ ਜਿਹੜੀਆਂ ਸੁਵਿਧਾਵਾਂ ਦੇਣ ਦੀ ਗੱਲ ਸਰਕਾਰ ਵੱਲੋਂ ਕੀਤੀ ਜਾਂਦੀ ਹੈ, ਉਹ ਨਿਰੋਲ ਲਫਾਫੇਬਾਜ਼ੀ ਹੈ। ਸਰਕਾਰੀ ਕੈਂਸਰ ਹਸਪਤਾਲਾਂ ਵਿੱਚ ਮਾਹਰ ਸਰਜਨਾਂ, ਮਸ਼ੀਨਾਂ ਤੇ ਦਵਾਈਆਂ ਦੀ ਜਬਰਦਸਤ ਘਾਟ ਹੈ। ਵੈਸੇ ਤਾਂ ਨਿੱਜੀਕਰਨ ਦੀ ਚਲਦੀ ਹਨੇਰੀ ਤੇ ਹਾਕਮਾਂ ਦੀ ਬੇਰੁਖੀ ਕਾਰਨ ਪੰਜਾਬ ਦਾ ਸਾਰਾ ਸਿਹਤ ਢਾਂਚਾ ਤਾਂ ਪਹਿਲਾਂ ਹੀ ਪੂਰੀ ਤਰਾਂ ਨਾਕਸ ਹੋ ਚੁੱਕਿਆ ਹੈ, ਪਰ ਕੈਂਸਰ ਵਰਗੀ ਗੰਭੀਰ ਬਿਮਾਰੀ ਦੇ ਇਲਾਜ ਲਈ ਵੀ ਕੋਈ ਸੰਜੀਦਾ ਪ੍ਰਬੰਧ ਨਹੀਂ ਹਨ। ਮਰੀਜਾਂ ਨੂੰ ਕੈਂਸਰ ਦੇ ਸਧਾਰਨ ਤੋਂ ਸਧਾਰਨ ਟੈਸਟ ਕਰਵਾਉਣ ਵਾਸਤੇ ਵੀ ਪ੍ਰਾਈਵੇਟ ਹਸਪਤਾਲਾਂ ਵੱਲ ਮੂੰਹ ਕਰਨਾ ਪੈਂਦਾ ਹੈ, ਜਿੱਥੇ ਇਲਾਜ ਦੇ ਨਾਂ 'ਤੇ ਅੰਨ੍ਹੀ ਲੁੱਟ ਹੁੰਦੀ ਹੈ। ਕੈਂਸਰ ਦੇ ਕਿਸੇ ਸਧਾਰਨ ਜਿਹੇ ਟੈਸਟ 'ਤੇ ਵੀ ਦਸਾਂ ਹਜ਼ਾਰਾਂ ਰੁਪਈਆਂ ਦਾ ਖਰਚਾ ਆਉਂਦਾ ਹੈ ਤੇ ਕਿਸੇ ਗਰੀਬ ਕਿਰਤੀ ਲਈ ਸੀਟੀ ਸਕੈਨਾਂ, ਪੈੱਟ ਸਕੈਨਾਂ, ਮਹਿੰਗੀਆਂ ਦਵਾਈਆਂ, ਸਰਜਰੀ ਤੇ ਡਾਕਟਰਾਂ ਦੀਆਂ ਫੀਸਾਂ ਦੇਣ ਜੋਗਰੇ ਪੈਸੇ ਹੁੰਦੇ ਹੀ ਨਹੀਂ। ਇਸ ਕਰਕੇ ਇੱਕ ਵਾਰ ਇਸ ਬਿਮਾਰੀ ਦੇ ਵੱਸ ਪੈਣ ਮਗਰੋਂ ਗਰੀਬਾਂ ਲਈ ਆਵਦੇ ਪਿਆਰਿਆਂ ਦੀ ਮੌਤ ਦੇਖਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ। ਪੰਜਾਬ ਦੀ ਨਰਮਾ ਪੱਟੀ 'ਚ ਵਸਦੇ ਲੋਕੀਂ ਇਸ ਬਿਮਾਰੀ ਨਾਲ ਸਭ ਤੋਂ ਵੱਧ ਲੜਾਈ ਲੜ ਰਹੇ ਹਨ। ਕੈਂਸਰ ਦੀ ਬਿਮਾਰੀ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਹਰ ਸਾਲ ਵਾਧਾ ਹੁੰਦਾ ਹੈ। ਦੇਸ਼ ਭਰ ਵਿੱਚ ਕੈਂਸਰ ਦੀ ਬਿਮਾਰੀ ਨਾਲ ਹਰ ਰੋਜ਼ 1500 ਲੋਕੀਂ ਮਰ ਜਾਂਦੇ ਹਨ। ਕੇਂਦਰ ਸਰਕਾਰ ਦੇ ਸਿਹਤ ਵਿਭਾਗ ਵਲੋਂ ਦੱਸਿਆ ਗਿਆ ਹੈ ਕਿ ਸਾਲ 2014 'ਚ ਦੇਸ਼ ਅੰਦਰ 2820179 ਮਾਮਲਿਆਂ ਵਿਚੋਂ 491598 ਕੈਂਸਰ ਪੀੜਤਾਂ ਦੀ ਮੌਤ ਹੋ ਗਈ ਅਤੇ ਸਾਲ 2013 'ਚ 29,34,314 ਪੀੜਤਾਂ ਵਿਚੋਂ 4,78,180 ਪੀੜਤਾਂ ਨੂੰ ਆਪਣੀ ਜਾਨ ਗਵਾਉਣੀ ਪਈ, ਸਾਲ 2012 'ਚ ਕੈਂਸਰ ਨਾਲ ਪੀੜਤ ਲੋਕਾਂ ਦੀ ਗਿਣਤੀ 30,16,628 ਸੀ, ਜਿਨ੍ਹਾਂ ਵਿਚੋਂ 4,65,169 ਵਿਅਕਤੀ ਆਪਣੀ ਜਾਨ ਗਵਾ ਬੈਠੇ। ਹਾਲੇ ਅਸਲ ਅੰਕੜੇ ਇਸਤੋਂ ਵੀ ਜਿਆਦਾ ਗੰਭੀਰ ਹਨ, ਕਿਉਂਕਿ ਕਈ ਪਿੰਡ ਐਸੇ ਵੀ ਹਨ, ਜਿੱਥੇ ਕਦੇ ਸਰਵੇਖਣ ਟੀਮ ਨੇ ਗੇੜਾ ਵੀ ਨਹੀਂ ਮਾਰਿਆ। ਪਿਛਲੇ 15 ਸਾਲਾਂ ਦੌਰਾਨ ਬਠਿੰਡਾ ਜਿਲੇ ਦੇ ਸਿਰਫ ਤਲਵੰਡੀ ਸਾਬੋ ਬਲਾਕ ਵਿਚ ਹੀ 4 ਹਜ਼ਾਰ 128 ਮੌਤਾਂ ਕੈਂਸਰ ਨਾਲ ਹੋ ਚੁੱਕੀਆਂ ਹਨ। 1 ਲੱਖ ਦੀ ਆਬਾਦੀ 'ਚ ਮਾਲਵਾ 'ਚੋਂ 135 ਕੈਂਸਰ ਮਰੀਜ਼ ਪਾਏ ਜਾ ਰਹੇ ਹਨ। ਪਿਛਲੇ ਸਾਲ ਪੰਜਾਬ 'ਚ 1 ਲੱਖ ਦੀ ਆਬਾਦੀ 'ਚ 216 ਕੈਂਸਰ ਮਰੀਜ਼ ਤੇ 319 ਸ਼ੱਕੀ ਮਰੀਜ਼ ਸਨ। ਸਾਲ 2012 ਵਿਚ ਪੰਜਾਬ ਵਿਚ 11,915 ਲੋਕਾਂ ਦੀ ਮੌਤ ਕੈਂਸਰ ਕਰਕੇ ਹੋਈ, ਜਦੋਂਕਿ ਸਾਲ 2011 ਵਿਚ 12,575 ਲੋਕ ਕੈਂਸਰ ਕਾਰਨ ਮੌਤ ਦੇ ਮੂੰਹ ਜਾ ਪਏ। ਸਾਲ 2010 ਵਿਚ ਪੰਜਾਬ ਵਿਚ 12,330 ਲੋਕਾਂ ਦੀ ਮੌਤ ਦਾ ਕਾਰਨ ਕੈਂਸਰ ਬਣਿਆ। ਭਾਰਤ ਸਰਕਾਰ ਦੇ ਸਿਹਤ ਵਿਭਾਗ ਵੱਲੋਂ 'ਇੰਡੀਅਨ ਕੌਂਸਲ ਆਫ ਮੈਡੀਕਲ ਸਾਇੰਸਿਜ਼ (ਆਈਸੀਐਮਆਰ)' ਦੇ ਅੰਕੜਿਆਂ ਦੇ ਅਧਾਰ 'ਤੇ ਸਾਲ 2014 ਦੀ ਮੁਹੱਈਆ ਕੀਤੀ ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਪੰਜਾਬ ਵਿੱਚ ਕੈਂਸਰ ਤੋਂ ਪੀੜਤ 25,026 ਵਿਅਕਤੀਆਂ ਦੀ ਪਛਾਣ ਹੋਈ ਸੀ। ਇਨ੍ਹਾਂ ਵਿੱਚੋਂ 11,011 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਤਰ੍ਹਾਂ ਪਿਛਲੇ ਵਰ੍ਹੇ ਪੰਜਾਬ ਵਿੱਚ ਸਾਹਮਣੇ ਆਏ ਕੈਂਸਰ ਪੀੜਤਾਂ ਵਿਚੋਂ 40 ਫੀਸਦੀ ਦੀ ਸਾਲ 2014 ਦੌਰਾਨ ਹੀ ਮੌਤ ਹੋ ਗਈ ਸੀ ਜਦਕਿ ਬਾਕੀ ਬਚੇ 14,015 ਪੀੜਤਾਂ ਦੀ ਹੋਣੀ ਦੇ ਫ਼ਿਲਹਾਲ ਅੰਕੜੇ ਉਪਲੱਬਧ ਨਹੀਂ ਹਨ। ਭਾਵ ਪੰਜਾਬ ਵਿੱਚ ਹਰ ਸਾਲ 12000 ਲੋਕੀਂ ਕੈਂਸਰ ਦੀ ਵਜਾਹ ਨਾਲ ਮਰ ਜਾਂਦੇ ਹਨ। ਪੰਜਾਬ ਦਾ ਮਾਲਵਾ ਖੇਤਰ ਸਭ ਤੋਂ ਵੱਧ ਕੈਂਸਰ ਦੀ ਮਾਰ ਹੇਠ ਹੈ। ਰਿਪੋਰਟ ਮੁਤਾਬਕ ਇਕੱਲੇ ਮੁਕਤਸਰ ਜਿਲ੍ਹੇ ਵਿੱਚ 1 ਲੱਖ ਦੀ ਆਬਾਦੀ ਪਿੱਛੇ 136, ਮਾਨਸਾ ਜ਼ਿਲ੍ਹੇ ਵਿੱਚ 135 ਅਤੇ ਬਠਿੰਡੇ ਜ਼ਿਲ੍ਹੇ ਵਿੱਚ 126 ਵਿਅਕਤੀ ਕੈਂਸਰ ਨਾਲ ਪੀੜਤ ਹਨ। ਪੂਰੇ ਦੇਸ਼ ਦੀ ਵੀ ਗੱਲ ਕਰੀਏ ਤਾਂ ਇਸ ਮਾਮਲੇ ਚ ਹਾਲਾਤ ਕੋਈ ਬਹੁਤੇ ਸੁਖਾਵੇਂ ਨਹੀਂ ਲੱਗਦੇ। ਭਾਰਤ ਦੇ 35 ਰਾਜਾਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਵਿਚ ਕੈਂਸਰ ਦੇ 11,17,269 ਵਿਅਕਤੀਆਂ ਦੀ ਪਛਾਣ ਹੋਈ ਸੀ। ਜਿਨ੍ਹਾਂ ਵਿਚੋਂ 4,91,598 (44 ਫੀਸਦੀ) ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਤਰ੍ਹਾਂ ਦੇਸ਼ ਵਿੱਚ ਰੋਜ਼ਾਨਾ 1347 ਅਤੇ ਹਰੇਕ ਘੰਟੇ ਦੌਰਾਨ 56 ਵਿਅਕਤੀ ਕੈਂਸਰ ਦੀ ਭੇਂਟ ਚੜ੍ਹ ਰਹੇ ਹਨ। ਲਕਸ਼ਦੀਪ ਵਿੱਚ ਪਿਛਲੇ ਵਰ੍ਹੇ ਦੇਸ਼ ਭਰ ਦੇ ਸਮੂਹ ਰਾਜਾਂ ਤੋਂ ਕੈਂਸਰ ਨਾਲ ਸਭ ਤੋਂ ਘੱਟ 28 ਮੌਤਾਂ ਹੋਈਆਂ ਸਨ। ਇੱਥੇ ਕੈਂਸਰ ਤੋਂ ਪੀੜਤ 63 ਵਿਅਕਤੀ ਹੀ ਸਾਹਮਣੇ ਆਏ ਸਨ। ਉੱਤਰ ਪ੍ਰਦੇਸ਼ ਸਾਰੇ ਰਾਜਾਂ ਵਿੱਚੋਂ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਹੈ। ਪਿਛਲੇ ਵਰ੍ਹੇ ਯੂਪੀ ਵਿੱਚ ਕੈਂਸਰ ਨਾਲ 82,121 ਮੌਤਾਂ ਹੋਈਆਂ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਯੂਪੀ ਵਿੱਚ ਰੋਜ਼ਾਨਾ ਔਸਤਨ 225 ਵਿਅਕਤੀ ਕੈਂਸਰ ਨਾਲ ਮਰ ਰਹੇ ਹਨ। ਇਸ ਰਾਜ ਵਿਚ ਹਰ ਘੰਟੇ 9 ਵਿਅਕਤੀਆਂ ਨੂੰ ਕੈਂਸਰ ਨਿਗਲ ਰਿਹਾ ਹੈ। ਯੂਪੀ ਵਿੱਚ ਪਿਛਲੇ ਵਰ੍ਹੇ 1,86,638 ਕੈਂਸਰ ਤੋਂ ਪੀੜਤ ਪਾਏ ਗਏ ਸਨ। ਗੁਆਂਢੀ ਰਾਜ ਹਰਿਆਣਾ ਕੈਂਸਰ ਪੀੜਤ ਰਾਜਾਂ ਵਿੱਚੋਂ 17ਵੇਂ ਸਥਾਨ 'ਤੇ ਹੈ। ਪਿਛਲੇ ਵਰ੍ਹੇ ਇਸ ਰਾਜ ਵਿਚ ਕੈਂਸਰ ਦੇ 23,336 ਮਰੀਜ਼ ਸਾਹਮਣੇ ਆਏ ਸਨ ਜਿਨ੍ਹਾਂ ਵਿਚੋਂ 10,268 ਦੀ ਮੌਤ ਹੋ ਚੁੱਕੀ ਹੈ। ਇਸੇ ਤਰਾਂ ਪੰਜਾਬ ਵਿੱਚ ਵੀ ਕੈਂਸਰ ਪ੍ਰਭਾਵਿਤ ਥਾਵਾਂ 'ਤੇ ਚੈੱਕਅੱਪ ਅਤੇ ਇਲਾਜ ਦੀਆਂ ਸਸਤੀਆਂ ਸਰਕਾਰੀ ਸੁਵਿਧਾਵਾਂ ਉਪਲੱਬਧ ਕਰਵਾਉਣ ਦੀ ਬਜਾਏ ਸਰਕਾਰ ਸਰਕਾਰੀ ਸਿਹਤ ਸੁਵਿਧਾਵਾਂ ਦਾ ਭੋਗ ਪਾਕੇ ਨਿੱਜੀ ਹਸਪਤਾਲਾਂ ਦੇ ਮੁਨਾਫ਼ੇ ਵਧਾਉਣ 'ਤੇ ਲੱਗੀ ਹੋਈ ਹੈ। ਇੱਥੋਂ ਤੱਕ ਕਿ ਕੈਂਸਰ ਰੋਕਥਾਮ ਲਈ ਕੇਂਦਰ ਵੱਲੋਂ ਸੂਬਾ ਸਰਕਾਰ ਨੂੰ ਦਿੱਤੇ ਜਾਂਦੇ ਫੰਡ ਵੀ ਅਣਵਰਤੇ ਹੀ ਪਏ ਰਹੇ ਹਨ, ਭਾਵੇਂ ਇਹ ਗੱਲ ਵੀ ਸੱਚ ਹੈ ਕਿ ਕੇਂਦਰ ਵੱਲੋਂ ਦਿੱਤੇ ਜਾਂਦੇ ਇਹ ਫੰਡ ਵੀ ਬਹੁਤ ਹੀ ਨਿਗੂਣੇ ਹਨ। ਇਸੇ ਨੀਤੀ ਤਹਿਤ 2014 ਤੋਂ ਮਗਰੋਂ ਕੇਂਦਰ ਸਰਕਾਰ ਨੇ ਕੈਂਸਰ ਰੋਕਥਾਮ ਲਈ ਕਿਸੇ ਤਰ੍ਹਾਂ ਦਾ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ। ਕੇਂਦਰੀ ਸਿਹਤ ਮੰਤਰਾਲੇ ਵਲੋਂ ਸਾਲ 2010 ਵਿਚ 'ਨੈਸ਼ਨਲ ਪ੍ਰੋਗਰਾਮ ਫਾਰ ਪ੍ਰਵੈਨਸ਼ਨ ਐਂਡ ਕੰਟਰੋਲ ਆਫ ਕੈਂਸਰ' ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ 21 ਸੂਬਿਆਂ ਦੇ 100 ਜ਼ਿਲ੍ਹਿਆਂ ਦੀ ਚੋਣ ਕੀਤੀ ਗਈ ਸੀ, ਜਿਨ੍ਹਾਂ ਨੂੰ ਕੈਂਸਰ ਦੇ ਇਲਾਜ ਵਾਸਤੇ ਫੰਡ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿਚ ਪੰਜਾਬ ਦੇ ਜ਼ਿਲੇ ਵੀ ਰੱਖੇ ਗਏ ਸਨ। ਜਿੱਥੇ ਇੱਕ ਪਾਸੇ ਲੋਕੀਂ ਪੈਸੇ ਦੀ ਤੋਟ ਕਾਰਨ ਤੇ ਨਾਕਸ ਸਿਹਤ ਢਾਂਚੇ ਕਾਰਨ ਕੈਂਸਰ ਦੇ ਇਲਾਜ ਖੁਣੋਂ ਮਰ ਰਹੇ ਹਨ, ਉੱਥੇ ਜ਼ਿਕਰਯੋਗ ਹੈ ਕਿ ਬੀਬੀ ਬਾਦਲ ਦੀ ਬਿਮਾਰੀ ਦਾ ਖਰਚਾ ਵੀ ਸਰਕਾਰੀ ਖਜ਼ਾਨੇ 'ਚੋਂ ਕੀਤਾ ਗਿਆ ਸੀ। ਭਾਵ ਕੈਂਸਰ ਰਾਹਤ ਫੰਡ ਵੀ ਖਾਸ ਲੋਕਾਂ ਲਈ ਰਾਖਵੇਂ ਹਨ, ਆਮ ਲੋਕ ਤਾਂ ਕਾਗਜ਼ ਪੱਤਰ ਪੂਰੇ ਕਰਦੇ ਹੀ ਵੇਲਾ ਲੰਘਾ ਦਿੰਦੇ ਹਨ।

ਪੰਜਾਬ ਸੂਬਾ ਕੈਂਸਰ ਦੀ ਬਿਮਾਰੀ ਨਾਲ ਜਿਸ ਹੱਦ ਤੱਕ ਪੀੜਿਤ ਹੈ ਅਤੇ ਜਿਸ ਤਰਾਂ ਹਾਕਮਾਂ ਦੀ ਇਸ ਪ੍ਰਤੀ ਬੇਰੁਖੀ ਹੈ, ਅਸਲ ਵਿੱਚ ਇਸਦੀਆਂ ਜੜ੍ਹਾਂ ਵੀ ਦੇਸ਼-ਸਮਾਜ ਦੇ ਆਰਥਕ-ਸਮਾਜਕ ਢਾਂਚੇ 'ਚ ਛੁਪੀਆਂ ਹੋਈਆਂ ਹਨ।

ਅਸਲ ਵਿੱਚ ਜਿੱਥੇ ਕੈਂਸਰ ਦੀ ਬਿਮਾਰੀ ਦੇ ਕਾਰਨ ਇੱਕ ਪਾਸੇ ਮੈਡੀਕਲ ਵਿਗਿਆਨ ਨਾਲ ਜੁੜੇ ਹੋਏ, ਜਿਵੇਂ ਹਾਲੇ ਤੱਕ ਇਸਦੇ ਪ੍ਰਤੱਖ ਤੇ ਸਪੱਸ਼ਟ ਕਾਰਨਾਂ ਦਾ ਪਤਾ ਨਹੀਂ ਲਗਾਇਆ ਜਾ ਸਕਿਆ। ਤਾਂ ਦੂਜੇ ਪਾਸੇ ਇਸਦੇ ਕਾਰਨ ਸਮਾਜਿਕ-ਆਰਥਕ ਵੀ ਹਨ। ਇਹ ਮਸਲਾ ਵੀ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਅੱਗੇ ਇੱਕ ਚੁਣੌਤੀ ਹੈ। ਲਹਿਰ ਨੂੰ ਲੋਕਾਂ ਦੇ ਜਬਰਦਸਤ ਏਕੇ ਦੇ ਦਮ 'ਤੇ ਇਹ ਮੰਗ ਕਰਨੀ ਚਾਹੀਦੀ ਹੈ ਕਿ ਸੂਬੇ ਦੇ ਪ੍ਰਭਾਵਿਤ ਖੇਤਰਾਂ ਵਿੱਚ ਮੁਫ਼ਤ ਸਰਕਾਰੀ ਚੈੱਕਅਪ ਸੈਂਟਰ ਸਥਾਪਿਤ ਕੀਤੇ ਜਾਣ, ਤਾਂਕਿ ਲੋਕਾਂ ਨੂੰ ਪਹਿਲੀ ਸਟੇਜ 'ਤੇ ਹੀ ਇਸ ਮਾਰੂ ਬਿਮਾਰੀ ਦਾ ਪਤਾ ਲੱਗ ਸਕੇ ਤੇ ਮੌਕਾ ਰਹਿੰਦੇ ਇਸਦਾ ਇਲਾਜ ਹੋ ਸਕੇ। ਜਿਆਦਾ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਇੱਕ ਜ਼ਿਲ੍ਹਾ ਕੈਂਸਰ ਹਸਪਤਾਲ ਸਥਾਪਤ ਹੋਵੇ, ਜਿੱਥੇ ਕੈਂਸਰ ਨਾਲ ਸਬੰਧਿਤ ਹਰ ਤਰਾਂ ਦੀ ਮਸ਼ੀਨਰੀ, ਡਾਕਟਰਾਂ, ਸਰਜਨਾਂ ਤੇ ਦਵਾ-ਇਲਾਜ ਦਾ ਪ੍ਰਬੰਧ ਮੁਫ਼ਤ ਮੁਹੱਈਆ ਕਰਵਾਇਆ ਜਾਵੇ। ਇਸਤੋਂ ਬਿਨਾਂ ਜਿੰਨਾਂ ਚਿਰ ਇਸ ਬਿਮਾਰੀ ਦੇ ਕਾਰਨਾਂ ਦਾ ਸਪੱਸ਼ਟ ਪਤਾ ਨਹੀਂ ਲੱਗਦਾ, ਕੈਂਸਰ ਦੇ ਸੰਭਾਵਿਤ ਕਾਰਨਾਂ ਨੂੰ ਧਿਆਨ 'ਚ ਰੱਖਦੇ ਹੋਏ ਪਿੰਡਾਂ ਸ਼ਹਿਰਾਂ ਵਿੱਚ ਆਲ੍ਹੇ-ਦੁਆਲੇ ਦੀ ਸਫ਼ਾਈ ਤੇ ਸਾਫ ਪਾਣੀ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰ ਚੁੱਕੇ।

ਦਵਿੰਦਰ ਕੌਰ ਖੁਸ਼ ਧਾਲੀਵਾਲ ਧੂਰਕੋਟ
ਚੰਡੀਗੜ੍ਹ ਯੂਨੀਵਰਸਿਟੀ
ਫੋਨ : 8847227740

# ਮੱਤੇਬਾੜ੍ਹੇ ਦਾ ਜੰਗਲ ਤੇ ਸਤਲੁਜ ਦਾ ਪਾਣੀ

ਦਿੱਲੀ ਅੰਦੋਲਨ ਉਪਰੰਤ ਮੱਤੇਬਾੜਾ ਦੇ ਜੰਗਲ ਬਚਾਉਣ ਲਈ ਵੀ ਹੈਲਪਿੰਗ ਹੈਂਡਜ਼ ਵੈਲਫੇਅਰ ਐਸੋਸੀਏਸ਼ਨ ਡਟੀ ਹੋਈ ਹੈ। 10 ਜੁਲਾਈ ਦੀ ਮੱਤੇਬਾੜਾ ਜੰਗਲ ਬਚਾਉਣ ਦੀ ਕਾਲ ਮੌਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਵਾਤਾਵਰਨ ਪ੍ਰੇਮੀਆਂ, ਸਮਾਜ ਸੇਵੀ ਸੰਸਥਾਵਾਂ ਤੇ ਕੁਦਰਤ ਨੂੰ ਪਿਆਰ ਕਰਨ ਵਾਲੇ ਆਮ ਲੋਕਾਂ ਦੇ ਨਾਲ-ਨਾਲ ਹੈਲਪਿੰਗ ਹੈਂਡਜ਼ ਵੈਲਫੇਅਰ ਐਸੋਸੀਏਸ਼ਨ ਦੇ ਐਕਟਿਵ ਮੈਂਬਰ ਤੇ ਪੁਰਾਣੇ ਸਾਥੀ ਵੀ ਸੰਘਰਸ਼ 'ਚ ਹਿੱਸਾ ਲੈਣ ਪਹੁੰਚੇ। ਰੋਸ ਧਰਨੇ 'ਚ ਪਹੁੰਚੇ ਲੋਕਾਂ ਲਈ ਬੋਤਲਾਂ ਵਾਲੇ ਪਾਣੀ ਤੇ ਬਿਸਕੁਟਾਂ ਦੀ ਸੇਵਾ ਕੀਤੀ। ਸਟੇਜ਼ ਤੋਂ ਆਗੂਆਂ ਦੀਆਂ ਤਕਰੀਰਾਂ ਸੁਣੀਆਂ ਤੇ ਆਪਣੇ ਵਿਚਾਰ ਵੀ ਦਿੱਤੇ। ਸ਼ਾਮ ਪੈਂਦਿਆਂ ਸਾਰੇ ਹੌਲੀ-ਹੌਲੀ ਵਾਪਸ ਜਾਣ ਲੱਗੇ ਪਰ ਸਾਡੇ ਸਾਥੀਆਂ ਨੇ ਇੱਕ ਰਾਤ ਇਸ ਜੰਗਲ ਦੇ ਨਜਦੀਕ ਬਿਤਾਉਣ ਦਾ ਫੈਸਲਾ ਕੀਤਾ।

11 ਜੁਲਾਈ 2022 ਨੂੰ ਤੜਕੇ ਹੀ ਸਾਰੇ ਸਤਲੁਜ ਦਰਿਆ ਤੇ ਮੱਤੇਬਾੜਾ ਜੰਗਲ ਵਿਚਲੇ ਦਰੱਖਤਾਂ ਨੂੰ ਨੇੜਿਓਂ ਖੰਘਾਲਣ ਨਿਕਲ ਗਏ, ਜਿੱਥੇ ਕੁਦਰਤ ਨੂੰ ਨੇੜਿਓਂ ਤੱਕਣ ਜਾਂ ਇੱਕਮਿੱਕ ਹੋਣ ਦਾ ਮੌਕਾ ਮਿਲਿਆ। ਹਜ਼ਾਰਾਂ ਦੀ ਗਿਣਤੀ 'ਚ ਖੜ੍ਹੇ ਸਦੀਆਂ ਪੁਰਾਣੇ ਰੁੱਖਾਂ ਨਾਲ ਗੱਲਾਂ ਕੀਤੀਆਂ। ਥੋੜਾ ਜੰਗਲ ਦੇ ਅੰਦਰ ਗਏ ਤਾਂ ਲੱਗਿਆ ਕਿ ਜਿੱਦਾਂ ਉਹ ਰੁਖ ਸਾਨੂੰ ਦੇਖ ਕੇ ਡਰ ਗਏ ਹੋਣ। ਸਾਨੂੰ ਪੁੱਛਣ ਲੱਗੇ ਕਿ ਅਸੀਂ ਸੁਣਿਐ ਕਿ ਤੁਸੀਂ ਸਾਨੂੰ ਵੱਢਣ ਦੀਆਂ ਤਿਆਰੀਆਂ ਕਰ ਰਹੇ ਹੋ। ਸਾਨੂੰ ਤਾਂ ਕਿਸੇ ਨੇ ਸਾਡਾ ਕਸੂਰ ਵੀ ਨਹੀਂ ਦੱਸਿਆ। ਅਸੀਂ ਤਾਂ ਬਿਨਾਂ ਕਿਸੇ ਕੀਮਤ 'ਤੇ ਮਨੁੱਖ ਨੂੰ ਆਕਸੀਜ਼ਨ ਰੂਪੀ ਠੰਢੀ ਤੇ ਤਾਜ਼ੀ ਹਵਾ ਦੇ ਰਹੇ ਹਾਂ, ਉਹੀ ਆਕਸੀਜ਼ਨ ਜਿਸਦੀ ਕੀਮਤ ਤੁਸੀਂ ਕਰੋਨਾ ਕਾਲ ਦੌਰਾਨ ਦੇਖ ਚੁੱਕੇ ਹੋ। ਉਹ ਕਹਿੰਦੇ ਕਿ ਸੁਣਿਐ ਸਾਨੂੰ ਵੱਢ ਕੇ ਇਥੇ ਵੱਡੇ-ਵੱਡੇ ਕਾਰਖਾਨੇ ਲਾਉਣ ਦੀ ਤਿਆਰੀ ਹੈ। ਜੇਕਰ ਸਾਨੂੰ ਕੱਟ ਦਿੱਤਾ ਤਾਂ ਸਾਡੀਆਂ ਟਾਹਣੀਆਂ 'ਤੇ ਆਲਣੇ ਬਣਾ ਕੇ ਰਹਿਣ ਵਾਲੇ ਵੱਖ-ਵੱਖ ਪ੍ਰਜਾਤੀਆਂ ਦੇ ਹਜ਼ਾਰਾਂ-ਲੱਖਾਂ ਪੰਛੀ ਕਿੱਥੇ ਡੇਰੇ ਲਾਉਣਗੇ ? ਦਿਨ ਭਰ ਚੋਗਾ ਚੁਗ ਕੇ ਪੰਛੀ ਸ਼ਾਮ ਸਮੇਂ ਆਪਣੇ ਬੋਟਾਂ ਨੂੰ ਕਿਹੜੇ ਆਲਣਿਆਂ 'ਚ ਲੱਭਣਗੇ ਤੇ ਰਾਤ ਨੂੰ ਕਿਸ ਰੁੱਖ ਦੀ ਟਾਹਣੀ 'ਤੇ ਸੌਣਗੇ ?



ਉੱਥੋਂ ਕੁਝ ਘਬਰਾ ਕੇ ਅਸੀਂ ਜੰਗਲ ਦੇ ਅੰਦਰਲੇ ਤੇ ਅਗਲੇ ਹਿੱਸੇ 'ਚ ਗਏ ਤਾਂ ਉਥੇ ਅਸਮਾਨ ਛੂੰਹਦੇ ਰੁੱਖ ਸਾਨੂੰ ਉਲਾਂਭਾ ਦੇਣ ਲਈ ਜਿਵੇਂ ਪਹਿਲਾਂ ਹੀ ਸਾਡੀ ਉਡੀਕ ਕਰ ਰਹੇ ਸੀ। ਇੱਕੋ ਆਵਾਜ਼ 'ਚ ਸਾਰੇ ਬੋਲੇ ਕਿ ਤੁਸੀਂ ਆਪ ਤਾਂ ਰਹਿਣ ਲਈ ਵੱਡੀਆਂ-ਵੱਡੀਆਂ ਕਲੋਨੀਆਂ ਕੱਟ ਕੇ ਵੱਡੇ-ਵੱਡੇ ਘਰ ਬਣਾ ਲਏ, ਅਸੀਂ ਤਾਂ ਕਦੇ ਕਿਸੇ ਮਨੁੱਖ ਦਾ ਘਰ ਉਜਾੜਨ ਬਾਰੇ ਨਹੀਂ ਸੋਚਿਆ, ਫੇਰ ਮਨੁੱਖ ਕਿੱਦਾਂ ਸੋਚ ਸਕਦੈ। ਨਾਲੇ ਕਹਿੰਦੇ ਕੁਦਰਤ 'ਚ ਤਾਂ ਰੱਬ ਵੱਸਦੈ, ਕੀ ਹੁਣ ਮਨੁੱਖ ਰੱਬ ਰੂਪੀ ਇਸ ਕੁਦਰਤ ਨੂੰ ਵੀ ਉਜਾੜ ਦੇਵੇਗਾ ? ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਸਾਡਾ ਅਹਿਸਾਨ ਮੰਨੋ, ਅਸੀਂ ਜਾਣਦੇ ਹਾਂ ਕਿ ਮਨੁੱਖ ਤਾਂ ਮਨੁੱਖ ਦਾ ਅਹਿਸਾਨ ਵੀ ਨਹੀਂ ਮੰਨਦਾ ਪਰ ਸਾਨੂੰ ਸਾਡੇ ਹਾਲ 'ਤੇ ਤਾਂ ਛੱਡ ਹੀ ਸਕਦੇ ਹੋ। ਸਦੀਆਂ ਬੀਤ ਗਈਆਂ, ਅਸੀਂ ਤਾਂ ਮੁੱਢੋਂ ਹੀ ਤੁਹਾਨੂੰ ਕੜਕੀਆਂ ਧੁੱਪਾਂ ਤੋਂ ਬਚਾਉਣ ਲਈ ਆਪਾ ਵਾਰੀ ਬੈਠੇ ਹਾਂ, ਪਰ ਤੁਸੀਂ ਆਪਣੇ ਸਵਾਰਥ ਲਈ ਸਾਡੇ ਸੀਨਿਆਂ 'ਤੇ ਆਰੀਆਂ ਚਲਾਉਣ ਦੀ ਸੋਚ ਰਹੇ ਹੋ।

ਚੰਗੇ ਸਿਲੇ ਦਿੱਤੇ ਤੁਸੀਂ, ਧੁੱਪੇ ਕੀਤੀਆਂ ਛਾਵਾਂ ਦੇ,
ਸਾਡੀ ਛੱਡੋ, ਕਾਤਲ ਤੁਸੀਂ, ਪੰਛੀਆਂ ਦੇ ਚਾਵਾਂ ਦੇ।

ਹੁਣ ਉਨ੍ਹਾਂ ਦੇ ਤਰਲੇ ਤੇ ਤਾਹਨੇ ਤੀਰ ਵਾਂਗਰਾਂ ਵੱਜਣ ਲੱਗੇ ਸਨ। ਹੋਰ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ। ਸ਼ਰਮ ਨਾਲ ਸਾਰਿਆਂ ਦੇ ਸਰੀਰ ਪਸੀਨੇ ਨਾਲ ਭਿੱਜ ਗਏ। ਯਕਦਮ ਅਸੀਂ ਸਾਰੇ ਰੁਖਾਂ ਕੋਲੋਂ ਨਜ਼ਰਾਂ ਚੁਰਾ ਕੇ ਜੰਗਲ ਤੋਂ ਬਾਹਰ ਆ ਗਏ ਅਤੇ ਨਾਲ ਹੀ ਵਹਿੰਦੇ ਸਤਲੁਜ ਦਰਿਆ ਦੇ ਕਿਨਾਰੇ ਆ ਠੰਢਾ ਪਾਣੀ ਪੀ ਕੇ ਪਿਆਸ ਬੁਝਾਈ। ਇੱਕ ਵਾਰੀ ਮਨ ਤਰੋ ਤਾਜ਼ਾ ਹੋ ਗਿਆ। ਅੱਗੋਂ ਸਤਲੁਜ ਦਰਿਆ ਕਹਿੰਦਾ ਦੇਖੋ ਮੈਂ ਕਿੰਨੀ ਦਰਿਆਦਿਲੀ ਨਾਲ ਪਿਆਸੇ ਦੀ ਪਿਆਸ ਮਿਟਾਉਂਦਾ ਹਾਂ, ਪਰ ਇਸਦੇ ਬਦਲੇ ਤੁਸੀਂ ਤੇ ਤੁਹਾਡੇ ਵਰਗੇ ਹੋਰ ਮਨੁੱਖਾਂ ਨੇ ਮੇਰੇ ਪਵਿੱਤਰ ਪਾਣੀ ਨੂੰ ਪਲੀਤ ਕਰਨ 'ਚ ਭੋਰਾ ਕਸਰ ਨਹੀਂ ਛੱਡੀ। ਕੱਲ ਗੱਡੀਆਂ ਭਰ ਕੇ ਪਾਣੀ ਦੀਆਂ ਬੋਤਲਾਂ ਲੈ ਕੇ ਆਏ ਸੀ ਤੁਸੀਂ, ਪਰ ਅੱਜ ਮੇਰਾ ਪਾਣੀ ਪੀ ਕੇ ਪਿਆਸ ਬੁਝੀ ਹੈ ਤਹਾਡੀ। ਸੋਚੋ, ਕਿਸੇ ਦਿਨ ਜਦੋਂ ਤੁਸੀਂ ਮੇਰਾ ਪਾਣੀ ਬਿਲਕੁਲ ਪਲੀਤ ਕਰ ਦਿੱਤਾ ਤੇ ਉਹ ਪੀਣਯੋਗ ਨਾ ਰਿਹਾ ਤੇ ਭਵਿੱਖ 'ਚ ਕਦੇ ਤੁਸੀਂ ਫੇਰ ਇਧਰ ਫੇਰਾ ਪਾਇਆ ਤਾਂ ਪਾਣੀ ਕਿੱਥੋਂ ਪੀਵੋਗੇ, ਕਿਉਂਕਿ ਇਥੇ ਨੇੜੇ ਤੇੜੇ ਤਾਂ ਪਾਣੀ ਕਿਤੇ ਮੁੱਲ ਵੀ ਨਹੀਂ ਮਿਲਣਾ। ਮੇਰੀ ਨਿਰਮਲਤਾ 'ਤੇ ਸੱਚੀਂ ਤਰਸ ਨਹੀਂ ਆਉਂਦਾ ਤੁਹਾਨੂੰ ?

ਪਤਾ ਹੀ ਨਾ ਲੱਗਿਆ ਕਦੋਂ ਦੁਪਹਿਰ ਹੋ ਗਈ, ਇਸ ਤੋਂ ਪਹਿਲਾਂ ਕਿ ਸਤਲੁਜ ਦੇ ਮਿਹਣੇ ਸੁਣ ਚੱਕਰ ਖਾ ਕੇ ਡਿੱਗਦਾ ਕਿ ਅਚਾਨਕ ਫੋਨ 'ਤੇ ਮੈਸੇਜ਼ ਟੋਨ ਸੁਣਾਈ ਦਿੱਤੀ। ਮੈਸੇਜ਼ ਖੋਲ ਕੇ ਦੇਖਿਆ ਤਾਂ ਇਸ ਜੰਗਲ ਨੂੰ ਮਿਟਾਉਣ ਦੇ ਫੈਸਲੇ ਨੂੰ ਸਰਕਾਰ ਵੱਲੋਂ ਵਿਰਾਮ ਲਗਾਉਣ ਦੀ ਖਬਰ ਸੀ। ਕੱਲ ਦੇ ਰੋਸ ਧਰਨੇ ਉਪਰੰਤ ਪੰਜਾਬ ਸਰਕਾਰ ਨੇ ਸਬੰਧਤ ਧਿਰਾਂ ਨਾਲ ਮੀਟਿੰਗ ਕਰ ਇਸ ਜੰਗਲ ਨੂੰ ਉਜਾੜਨ 'ਤੇ ਰੋਕ ਲਗਾ ਦਿੱਤੀ ਸੀ। ਲੋਕਾਂ ਨੇ ਏਕੇ ਕਾਰਨ ਸੰਘਰਸ਼ ਜਿੱਤ ਲਿਆ ਸੀ।

ਇੰਝ ਲੱਗਾ ਕਿ ਪਤਾ ਨਹੀਂ ਕਿੰਨੇ ਕੁ ਕੁਬੇਰ ਦੇ ਖਜਾਨੇ ਮਿਲ ਗਏ ਹੋਣ। ਮੱਤੇਵਾੜੇ ਦੇ ਜੰਗਲ ਦੇ ਰੁੱਖਾਂ ਤੇ ਸੱਤਲੁਜ ਦਰਿਆ ਦੇ ਪਾਣੀਆਂ ਦਾ ਇੱਕ ਵਾਰ ਤਾਂ ਮਨੁੱਖ ਨੇ ਉਲਾਂਭਾ ਲਾਹ ਦਿੱਤਾ ਸੀ। ਉਹੀ ਦਰੱਖਤ ਹੁਣ ਬਾਹਾਂ ਉਲਾਰ-ਉਲਾਰ ਸਾਨੂੰ ਉਥੋਂ ਵਿਦਾ ਕਰ ਰਹੇ ਸਨ, ਦਰਿਆ ਦਾ ਪਾਣੀ ਹੋਰ ਰਵਾਨਗੀ ਨਾਲ ਵਹਿਣ ਲੱਗਾ ਸੀ ਤੇ ਅਸਮਾਨੀ ਉਡਦੇ ਪਰਿੰਦੇ ਖੰਭ ਹਿਲਾ-ਹਿਲਾ ਸਾਨੂੰ ਬਾਏ-ਬਾਏ ਕਰ ਰਹੇ ਸਨ। ਉਨ੍ਹਾਂ ਦਾ ਜ਼ਰਾ-ਜ਼ਰਾ ਸਾਡਾ ਅਹਿਸਾਨਮੰਦ ਜਾਪਦਾ ਸੀ। ਅੱਜ ਯਕੀਨ ਹੋ ਗਿਆ ਸੀ ਕਿ ਜਦੋਂ ਤੀਕਰ ਮਨੁੱਖ ਕੁਦਰਤ ਦੇ ਵਸੀਲਿਆਂ ਨੂੰ ਬਚਾਉਣ ਲਈ ਯਤਨਸ਼ੀਲ ਰਹੇਗਾ, ਬਦਲੇ 'ਚ ਉਹ ਵਸੀਲੇ ਮਨੁੱਖ ਨੂੰ ਕਿਸੇ ਨਾ ਕਿਸੇ ਤਰੀਕੇ ਕਈ ਗੁਣਾਂ ਵੱਧ ਕੀਮਤ ਅਦਾ ਕਰਦੇ ਰਹਿਣਗੇ।

ਇੱਕ ਵੱਡੀ ਜੰਗ ਜਿੱਤ ਕੇ ਅਸੀਂ ਵੀ ਖੁਸ਼ੀ-ਖੁਸ਼ੀ ਵਾਪਸ ਆ ਰਹੇ ਸਾਂ। ਦਿੱਲੀ ਦੇ ਕਿਸਾਨ ਅੰਦੋਲਨ ਦੀ ਤਰਾਂ ਪੰਜਾਬ ਦੇ ਅੱਵਾਮ ਵੱਲੋਂ ਮੱਤੇਵਾੜਾ ਜੰਗਲ ਨੂੰ ਬਚਾਉਣ ਲਈ ਮਾਰਿਆ ਇਹ ਹਾਅ ਦਾ ਨਾਅਰਾ ਵੀ ਇਤਿਹਾਸਕ ਹੋਵੇਗਾ। ਮਨੁੱਖ ਵੀ ਹੁਣ ਸਮਝ ਚੁੱਕਿਆ ਹੈ ਕਿ ਆਪਣੀ ਸੁੱਖ ਸਹੂਲਤ ਲਈ ਜੰਗਲੀ ਜੀਵਾਂ ਤੇ ਪੰਛੀਆਂ ਦੇ ਘੌਂਸਲੇ ਉਜਾੜਨ ਦਾ ਉਸਨੂੰ ਕੋਈ ਹੱਕ ਨਹੀਂ ਹੈ।

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲਾ ਫਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348 | Website: www.preetnama.com Email preetnamausa@gmail.com | 03 APRIL TO 09 APRIL, 2026




# ਲੰਪੀ ਸਕਿੰਨ ਨੇ ਪੈਰ ਪਸਾਰੇ,ਪਸ਼ੂ ਪਾਲਕਾਂ ਤੇ ਵੱਡਾ ਅਸਰ,ਸਰਕਾਰ ਬੇਖਬਰ



ਪਸ਼ੂਆ ਵਿੱਚ ਚੱਲ ਰਹੀ ਲਾਗ ਦੀ ਬਿਮਾਰੀ ਜਿਸ ਨੂੰ ਲੰਪੀ ਸਕਿੱਨ ਆਖਿਆ ਜਾ ਰਿਹਾ ਹੈ ।ਇਸ ਵੇਲੇ ਪੂਰੇ ਪੰਜਾਬ ਦੇ ਪਿੰਡਾਂ ਸਹਿਰਾਂ ਵਿੱਚ ਆਪਣੇ ਪੈਰ ਪਸਾਰ ਚੁੱਕੀ ਹੈ ।ਆਏ ਦਿਨ ਅਣਗਿਣਤ ਪਸੂਆਂ ਦੀਆ ਮੌਤਾਂ ਹੋ ਰਹੀਆਂ ਨੇ ਅਤੇ ਅਣਗਿਣਤ ਪਸ਼ੂ ਇਸ ਬਿਮਾਰੀ ਨਾਲ ਪੀੜਤ ਹੋ ਚੁੱਕੇ ਹਨ। ਇਸ ਬਿਮਾਰੀ ਨੇ ਜਿਆਦਾਤਰ ਗਾਵਾਂ ਨੂੰ ਆਪਣੀ ਚਪੇਟ ਵਿੱਚ ਲਿਆ ਹੈ। ਹਾਲਾਂਕਿ ਇਹ ਬਿਮਾਰੀ ਮੱਝਾਂ ਵਿੱਚ ਵੀ ਤਕਰੀਬਨ ਕੁੱਝ ਪ੍ਰਤੀਸ਼ਤ ਦੇਖੀ ਜਾ ਰਹੀ ਹੈ ਪਰ ਗਾਵਾਂ ਆਦਿ ਵਿੱਚ ਇਸ ਨੂੰ ਵੱਡੀ ਗਿਣਤੀ ਵਿੱਚ ਦੇਖਿਆ ਗਿਆ ਹੈ। ਇਹ ਬਿਮਾਰੀ ਨੇ ਸਭ ਤੋਂ ਪਹਿਲਾਂ ਆਵਾਰਾ ਪਸੂਆਂ ਨੂੰ ਆਪਣੀ ਪਕੜ ਹੇਠ ਲਿਆ ਉਸ ਤੋਂ ਬਾਅਦ ਇਹ ਮੱਛਰ ਅਤੇ ਮੱਖੀਆਂ ਆਦਿ ਰਾਹੀਂ ਇੱਕ ਤੋਂ ਦੂਸਰੇ ਪਸ਼ੂ ਤੱਕ ਇਹ ਲਾਗ ਦੀ ਬਿਮਾਰੀ ਪਹੁੰਚੀ। ਗਊਸਾਲਾਵਾਂ ਵਿੱਚ ਏਸ ਬਿਮਾਰੀ ਨੇ ਗਊਆਂ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਹਾਲਾਤ ਕਾਫੀ ਹੱਦ ਤੱਕ ਕਾਬੂ ਤੋਂ ਬਾਹਰ ਹਨ। ਮੌਜੂਦਾ ਪ੍ਰਬੰਧ ਥੋੜੇ ਪੈ ਰਹੇ ਨੇ। ਬਹੁਤਾ ਖਦਸਾ ਤਾਂ ਇਹ ਵੀ ਪ੍ਰਗਟਾਇਆ ਜਾ ਰਿਹਾ ਹੈ ਕਿ ਇਹ ਬਿਮਾਰੀ ਨੂੰ ਫੈਲਾਉਣ ਅਤੇ ਪੰਜਾਬ ਚ ਪਹੁੰਚਾਉਣ ਤੱਕ ਵੱਖ ਵੱਖ ਸਹਿਰਾਂ ਪਿੰਡਾਂ ਵਿੱਚ ਲੱਗਦੀਆਂ ਪਸ਼ੂ ਮੰਡੀਆਂ ਅਤੇ ਵੱਡੇ ਵੱਡੇ ਪਸੂਆਂ ਦੇ ਵਗ ਚਾਰਣ ਵਾਲੇ ਦੂਸਰਿਆਂ ਸੂਬਿਆਂ ਤੋਂ ਆਉਂਦੇ ਲੋਕਾਂ ਵੱਲੋਂ ਵੀ ਇਹ ਭੂਮਿਕਾ ਨਿਭਾਈ ਗਈ ਹੈ। ਇਸ ਬਿਮਾਰੀ ਨੇ ਪਸੂਆਂ ਦੇ ਵੱਡੇ ਪਸ਼ੂ ਪਾਲਕਾਂ ਫਾਰਮਾਂ ਦੇ ਵੱਡੀ ਪੱਧਰ ਤੇ ਸੱਟ ਮਾਰੀ ਹੈ। ਡੇਅਰੀ ਫਾਰਮ ਧੰਦੇ ਨੂੰ ਜਿੰਨਾਂ ਲੋਕਾਂ ਰੁਜ਼ਗਾਰ ਦੇ ਤੌਰ ਤੇ ਅਪਣਾਇਆ ਹੋਇਆ ਸੀ।ਉਨਾਂ ਲਈ ਵੱਡਾ ਘਾਟਾ ਪਿਆ ਹੈ। ਜਿਸ ਕਾਰਨ ਸੂਬੇ ਅੰਦਰ ਦੁੱਧ ਉਤਪਾਦਨ ਦੀ ਵੱਡੀ ਘਾਟ ਆਏਗੀ। ਜਿਸ ਦੇ ਚੱਲਦਿਆਂ ਦੁੱਧ ਦੀ ਮੰਗ ਨੂੰ ਪੂਰਾ ਕਰਨ ਲਈ ਨਕਲੀ ਦੁੱਧ ਬਣਾਉਣ ਵਾਲਿਆਂ ਸਰਾਰਤੀ ਅਨਸਰਾਂ ਦੇ ਵਾਰੇ ਨਿਆਰੇ ਹੋ ਗਏ ਹਨ। ਉੱਥੇ ਹੀ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਮੌਕੇ ਸਿਹਤ ਵਿਭਾਗ ਨੂੰ ਜਿ਼ਆਦਾ ਚੌਕਸ ਹੋਣ ਦੀ ਜਰੂਰਤ ਹੈ ਤਾਂ ਜੋ ਕਿਸੇ ਵੀ ਸਰਾਰਤੀ ਅਨਸਰ ਨੂੰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਤੋਂ ਪਹਿਲਾਂ ਰੋਕਿਆ ਜਾ ਸਕੇ।ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਸ਼ੂ ਪਾਲਣ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੋਇਆ ਹੈ। ਸਰਕਾਰੀ ਤੰਤਰ ਸਿਰਫ਼ ਅਖਬਾਰਾਂ ਆਦਿ ਰਾਹੀਂ ਲੋਕਾਂ ਨੂੰ ਚੇਤਾਵਨੀ ਦੇ ਕੇ ਖਾਨਾਪੂਰਤੀ ਕਰ ਰਿਹਾ ਹੈ। ਜਦੋਂ ਕਿ ਚਾਹੀਦਾ ਤਾਂ ਇਹ ਹੈ ਇਸ ਲੰਪੀ ਸਕਿਨ ਬਿਮਾਰੀ ਸਬੰਧੀ ਪਿੰਡਾਂ ਸਹਿਰਾਂ ਕਸਬਿਆਂ ਤੱਕ ਪਹੁੰਚ ਕਰਕੇ ਵੱਡੀ ਪੱਧਰ ਤੇ ਲੋਕਾਂ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਸਰਕਾਰੀ ਪਸ਼ੂ ਡਿਸਪੈਂਸਰੀਆਂ ਵਿੱਚ ਲੋੜੀਦੀ ਦਵਾਈ ਮੁਹੱਈਆ ਕਰਵਾਈ ਜਾਵੇ ਤਾਂ ਕਿ ਆਮ ਦਰਮਿਆਨੇ ਅਤੇ ਗਰੀਬ ਤਬਕਾ ਜੋ ਪ੍ਰਾਈਵੇਟ ਡਾਕਟਰਾਂ ਤੋਂ ਮਜਬੂਰੀ ਵੱਸ ਛਿੱਲ ਪਟਾ ਰਿਹਾ ਹੈ।ਆਮ ਲੋਕਾਂ ਦੀ ਮੱਦਦ ਹੋ ਸਕੇ ।ਆਮ ਲੋਕਾਂ ਚ ਕਿਸੇ ਨੂੰ ਵੀ ਜਿਆਦਾ ਜਾਣਕਾਰੀ ਨਾ ਹੋਣ ਕਾਰਨ ਪ੍ਰਾਈਵੇਟ ਡਾਕਟਰ ਵੀ ਇਸ ਬਿਮਾਰੀ ਨੂੰ ਲਾਇਲਾਜ ਅਤੇ ਵੱਡਾ ਹਊਆ ਦੱਸ ਕੇ ਲੋਕਾਂ ਦੀ ਆਪਣੀ ਮਨਮਰਜ਼ੀ ਅਨੁਸਾਰ ਛਿੱਲ ਉਤਾਰ ਰਹੇ ਹਨ। ਇਸ ਲਾਗ ਦੀ ਬਿਮਾਰੀ ਤੋਂ ਪੀੜਤ ਪਸ਼ੂ ਪਾਲਕਾਂ ਵਿੱਚ ਵੱਡਾ ਸਹਿਮ ਹੈ ।ਜਿਸ ਦੇ ਚਲਦਿਆਂ ਵਹਿਮ ਭਰਮ ਟੂਣੇ ਆਦਿ ਲੋਕਾਂ ਵੱਲੋਂ ਕੀਤੇ ਜਾ ਰਹੇ ਹਨ। ਇਸ ਅੰਧਵਿਸ਼ਵਾਸ ਨੂੰ ਅਸੀਂ ਜਾਗਰੂਕਤਾ ਦੀ ਘਾਟ ਕਹਿ ਸਕਦੇ ਹਾਂ।ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਬਠਿੰਡੇ ਜਿਲ੍ਹੇ ਦੇ ਇੱਕ ਪਿੰਡ ਵਿੱਚ ਕੁੱਝ ਦਿਨ ਪਹਿਲਾਂ ਗੁਰੂ ਘਰ ਤੋਂ ਹੋਕਾ ਦਿੱਤਾ ਗਿਆ ਕਿ ਇਸ ਚੱਲ ਰਹੀ ਪਸੂਆਂ ਦੀ ਲੰਪੀ ਸਕਿਨ ਬਿਮਾਰੀ ਨੂੰ ਰੋਕਣ ਲਈ ਇੱਕ ਸਾਂਝੀ ਜਗ੍ਹਾ ਤੇ ਕੋਈ ਟੂਣਾ ਟਾਮਣ ਕੀਤਾ ਜਾਵੇਗਾ ਜਿਸ ਦੇ ਚਲਦਿਆਂ ਸਾਮ ਨੂੰ ਅੱਠ ਵਜੇ ਤੋਂ ਲੈ ਕੇ ਸੁਭਾ ਛੇ ਵਜੇ ਤੱਕ ਨਾ ਤਾਂ ਕੋਈ ਚੁੱਲੇ ਚ ਅੱਗ ਬਾਲੇਗਾ ਅਤੇ ਨਾ ਹੀ ਇਸ ਦਿੱਤੇ ਗਏ ਸਮੇਂ ਅਨੁਸਾਰ ਕੋਈ ਪਿੰਡ ਵਾਸੀ ਬਲਬ ਜਗਾਏਗਾ।ਅਤੇ ਸਵੇਰ ਵੇਲੇ ਪਿੰਡ ਦੀ ਇੱਕ ਸਾਂਝੀ ਥਾਂ ਤੇ ਪਿੰਡ ਦੇ ਬਿਮਾਰ ਪਸੂਆਂ ਨੂੰ ਇਕੱਠਾ ਕੀਤਾ ਗਿਆ ਅਤੇ ਪਸੂਆਂ ਨੂੰ ਧੂਫ ਬੱਤੀ ਛਿੱਟਾ ਵੀ ਕੀਤਾ ਗਿਆ ਅਤੇ ਦਾਅਵਾ ਕੀਤਾ ਗਿਆ ਕਿ ਹੁਣ ਇਸ ਤਰ੍ਹਾਂ ਕਰਨ ਨਾਲ ਬਿਮਾਰੀ ਜਲਦੀ ਚਲੀ ਜਾਏਗੀ। ਇਹ ਸਭ ਕੁੱਝ ਲੋਕਾਂ ਵੱਲੋਂ ਆਮ ਕੀਤਾ ਜਾ ਰਿਹਾ ਹੈ। ਦਾਅਵੇ ਕਰਦੀਆਂ ਸਰਕਾਰਾਂ ਦੇ ਦਾਅਵੇ ਉਸ ਵੇਲੇ ਖੋਖਲੇ ਸਾਬਤ ਹੋਏ।ਜਦ ਮੈਂ ਆਪਣੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਪਿੰਡ ਦੀ ਸਰਕਾਰੀ ਪਸ਼ੂ ਡਿਸਪੈਂਸਰੀ ਤੋਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਨਾ ਤਾਂ ਸਰਕਾਰ ਵੱਲੋਂ ਇਸ ਬਿਮਾਰੀ ਨੂੰ ਕੰਟਰੋਲ ਕਰਨ ਲਈ ਕੋਈ ਦਵਾਈ ਭੇਜੀ ਗਈ ਹੈ ਅਤੇ ਨਾ ਹੀ ਕੋਈ ਬਲਾਕ ਪੱਧਰ ਜਾ ਪਿੰਡ ਪੱਧਰ ਤੇ ਲੋਕਾਂ ਨੂੰ ਇਸ ਬਿਮਾਰੀ ਸੰਬੰਧੀ ਜਾਗਰੂਕ ਕਰਨ ਲਈ ਵਿਸੇਸ ਉਪਰਾਲਾ ਕੀਤਾ ਗਿਆ। ਜਦ ਕਿ ਇਸ ਬਿਮਾਰੀ ਨੂੰ ਪੰਜਾਬ ਅੰਦਰ ਫੈਲਿਆ ਲੱਗਭੱਗ ਇੱਕ ਮਹੀਨਾ ਹੋਣ ਵਾਲਾ ਹੈ।ਉਸ ਤੋਂ ਵੱਡੀ ਫਿਕਰਮੰਦ ਹੋਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੇ ਪਸ਼ੂ ਮਰ ਰਹੇ ਹਨ ਉਹਨਾ ਨੂੰ ਟੋਆ ਆਦਿ ਪੁੱਟ ਕੇ ਜਮੀਨ ਚ ਦੱਬਣ ਦੀ ਜਗ੍ਹਾ ਹੱਡਾ ਰੋੜੀ ਵਿੱਚ ਖੁੱਲ੍ਹੇ ਅਸਮਾਨ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਨਾਲ ਕੁੱਤੇ ਬਿਮਾਰੀ ਨਾਲ ਪੀੜਤ ਪਸੂਆਂ ਨੂੰ ਖਾ ਰਹੇ ਹਨ। ਅਤੇ ਇਸ ਤਰ੍ਹਾਂ ਨਾਲ ਮਹਾਂਮਾਰੀ ਫੈਲਣ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਇਹ ਲਾਗ ਦੀ ਬਿਮਾਰੀ ਇੱਕ ਤੋਂ ਦੂਸਰੇ ਪਸ਼ੂ ਨੂੰ ਜਲਦੀ ਫੈਲਦੀ ਜਾ ਰਹੀ ਹੈ। ਜਿਸ ਤਰ੍ਹਾਂ ਇਨਸਾਨਾਂ ਵਿੱਚ ਮਹਾਂਮਾਰੀ ਕਰੋਨਾ ਨੂੰ ਦੇਖਿਆਂ ਗਿਆ ਸੀ। ਤਕਰੀਬਨ ਉਹੀ ਹਾਲ ਮੌਜੂਦਾ ਸਮੇਂ ਪਸੂਆਂ ਵਿੱਚ ਦੇਖਿਆਂ ਜਾ ਰਿਹਾ ਹੈ। ਲੋੜ ਹੈ ਇਸ ਬਿਮਾਰੀ ਤੋਂ ਸੁਚੇਤ ਹੋਣ ਦੀ ਅਤੇ ਬਿਮਾਰ ਪਸ਼ੂ ਨੂੰ ਤੰਦਰੁਸਤ ਪਸੂਆਂ ਤੋਂ ਅਲੱਗ ਰੱਖਿਆ ਜਾਵੇ ਅਤੇ ਧਿਆਨ ਰੱਖਿਆ ਜਾਵੇ ਬਿਮਾਰ ਪਸ਼ੂ ਦਾ ਜੂਠਾ ਪਾਣੀ ਪੱਠੇ ਬਗੈਰਾ ਤੰਦਰੁਸਤ ਪਸੂਆਂ ਨੂੰ ਨਾ ਖਾਣ ਦਿੱਤੇ ਜਾਣ ਅਤੇ ਲੋੜ ਅਨੁਸਾਰ ਡਾਕਟਰ ਤੋਂ ਇਲਾਜ ਕਰਵਾਇਆ ਜਾਏ ।ਪੰਜਾਬ ਸਰਕਾਰ ਸਬੰਧਿਤ ਪਸ਼ੂ ਪਾਲਣ ਵਿਭਾਗ ਸਮਾਂ ਰਹਿੰਦਿਆਂ ਲੋਕਾਂ ਦੀ ਬਾਂਹ ਫੜੇ ਸਰਕਾਰੀ ਪਸ਼ੂ ਡਿਸਪੈਂਸਰੀਆਂ ਵਿੱਚ ਲੋੜੀਦੀ ਦਵਾਈ ਮੁਹੱਈਆ ਕਰਵਾਏ ਅਤੇ ਖੁੱਲੇ ਫਿਰਦੇ ਆਵਾਰਾ ਪਸੂਆਂ ਅਤੇ ਗਊਸ਼ਾਲਾਵਾਂ ਆਦਿ ਵਿੱਚ ਗਾਵਾਂ ਦੇ ਇਲਾਜ਼ ਲਈ ਵਿਸੇਸ ਪ੍ਰਬੰਧ ਕਰੇ ਅਤੇ ਆਪਣੀ ਬਣਦੀ ਜਿੰਮੇਵਾਰੀ ਨਿਭਾਏ ।ਤਾਂਕਿ ਆਉਣ ਵਾਲੀ ਵੱਡੀ ਆਫਤ ਨਾਲ ਸਮਾਂ ਰਹਿੰਦਿਆਂ ਨਜਿੱਠਿਆ ਜਾ ਸਕੇ।

**ਬਲਤੇਜ ਸੰਧੂ ਬੁਰਜ ਲੱਧਾ , ਬਠਿੰਡਾ**
**9465818158**



# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ



ਜਦੋਂ ਔਰਤ ਦੀ ਸਿਫਤ ਵਿੱਚ ਔਰਤ ਦੇ ਗੁਣਾਂ ਦਾ ਜਿ਼ਕਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁੱਝ ਚੁੱਪ ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਉਹਨਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿੱਚ ਸਮਾਜ ਵਿੱਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿੰਨਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿੰਨਾਂ ਨੇ ਕਦੇ ਆਪਣੇ ਲਈ ਜਿਊਣਾ ਸਿੱਖਿਆ ਹੀ ਨਹੀਂ। ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ।ਅੱਜ ਔਰਤ ਸੁਤੰਤਰ ਹੈ, ਸੁੱਰਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿੰਨਾਂ ਦੇ ਘਰਾਂ ਵਿੱਚ ਅੱਜ ਵੀ ਔਰਤ ਸਿਰਫ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿੰਨਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ।ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਹਨਾਂ ਦੇ ਨਿੱਤ ਦੇ ਕੰਮਾਂ ਵਿਚੋਂ ਇੱਕ ਹੈ।

ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਿਕ ਮੈਂਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ ਸਮਝਦੀ ਹੋਈ ਕਦੇ ਵੀ ਇਸਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ , ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤੱਕ ਵੱਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇੱਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿੱਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿੱਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜਿਆਦਾਤਰ ਪਰਿਵਾਰਾਂ ਵੱਲੋਂ ਲੜਕੀਆਂ ਨੂੰ ਉਹਨਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ , ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਿਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆਂ ਭਰ ਦੇ ਦੇਸ਼ਾਂ ਦੀ ਕਹਾਣੀ ਹੈ ।ਏਥੋਂ ਤੱਕ ਕਿ ਅਮਰੀਕਾ, ਕਨੈਡਾ ਵਰਗੇ ਬਹੁਤ ਵਿਕਸਿਤ ਦੇਸਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆਕੇ ਆਤਮ ਹੱਤਿਆ ਕਰ ਲਈ ਗਈ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਣ ਬੇਟੇ ਦੀ ਇੱਛਾ ਸੀ ।ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐੱਚ ਓ ( ਵਰਡ ਹੈੱਲਥ ਆਰਗਨਾਈਜੇਸਨ) ਦੁਆਰਾ ਯੂ ਐੱਨ ਓ ( ਯੂਨਾਈਟਡ ਨੈਸ਼ਨਜ ਆਰਗਨਾਈਜੇਸਨ) ਦੀ ਮਦਦ ਨਾਲ ਸਾਲ 2018 ਵਿੱਚ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ,ਇਸ ਸਰਵੇਖਣ ਵਿੱਚ ਸਾਲ 2000 ਤੋਂ 2018 ਤੱਕ ਦੇ ਅੰਕੜੇ ਇਕੱਠੇ ਕੀਤੇ ਗਏ ਜਿੰਨਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਆਂ ਭਰ ਵਿੱਚ ਹਰ 3 ਔਰਤਾਂ ਵਿੱਚ ਇੱਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਵਿੱਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈਕੇ 45 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੀ ਗਿਣਤੀ ਜਿਆਦਾ ਸ਼ਾਮਿਲ ਹੈ ।ਦੁਨੀਆਂ ਭਰ ਵਿੱਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਣ ਕੀਤੇ ਜਾਂਦੇ ਹਨ ।

ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਈਆ ਔਰਤ ਜਾਤ ਦੇ ਸਵੈਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੇ ਮਾਨਸਿਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤੋਂ ਬਹੁਤ ਜਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ,ਸਮਾਜ ਦੇ ਮੱਥੇ ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇੱਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨ ਦੀ।ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਇ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਹਨਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ੍ਹ ਸਕਣ ਜੋ ਉਹਨਾਂ ਦੇ ਅਸਤਿਤ੍ਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ,ਸਕੂਲਾਂ ਕਾਲਜਾਂ,ਅਖਬਾਰਾਂ ,ਰਸਾਲਿਆਂ ਰਾਹੀਂ ਔਰਤਾਂ ਨੂੰ ਉਹਨਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਅਵਾਜ ਉਠਾਉਣ ਪ੍ਰੀ ਜਾਗਰੂਕ ਕਰਨ ਦੀ ।ਜੇਕਰ ਤੁਸੀਂ ਧਰਤੀ ਤੇ ਆਏ ਹੋ ਤਾਂ ਤੁਹਾਡਾ ਆਪਣਾ ਇੱਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਜਰੂਰਤ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਇੱਕ ਸੱਭਿਅਕ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ।

**ਹਰਕੀਰਤ ਕੌਰ**
**9779118066**

# ਧਰਮ ਪਰਿਵਰਤਨ ਤੇ ਐਸ.ਜੀ.ਪੀ.ਸੀ. ਦੀ ਸੰਕੀਰਣ ਸੋਚ

ਪਿਛਲੇ ਸਮੇਂ ਤੋਂ ਬਹੁਤ ਸੋਰ ਸਰਾਬਾ ਸੁਣਾਈ ਦੇ ਰਿਹਾ ਹੈ ਕਿ ਧਰਮ ਪਰਿਵਰਤਨ ਹੋ ਰਿਹਾ ਹੈ। ਖਾਸ ਤੌਰ ਤੇ ਸਿੱਖ ਧਰਮ ਨਾਲ ਸਬੰਧਤ ਲੋਕ ਆਪਣਾ ਧਰਮ ਬਦਲ ਰਹੇ ਹਨ। ਪੰਜਾਬ ਦੇ ਓਹਨਾਂ ਲੋਕਾਂ ਦੀ ਗੱਲ ਕਰ ਰਹੇ ਹਾਂ, ਜੋ ਦਸਾਂ ਗੁਰੂ ਸਾਹਿਬਾਨਾਂ ਦੇ-ਬਹੁਤ ਕਰੀਬੀ ਰਹੇ ਸਨ (ਇਸ ਲਈ 'ਸਿੱਖ ਧਰਮ ਨਾਲ ਸਬੰਧਤ' ਇਹ ਸਬਦ ਵਰਤਣੇ ਪਏ)। ਖਾਸ ਤੌਰ ਤੇ ਉਹਨਾਂ ਵਿੱਚੋਂ ਦਲਿਤ ਅਤੇ ਨੀਵੀਂ ਜਾਤੀ ਦੇ ਲੋਕ ਜਿਨ੍ਹਾਂ ਨੂੰ ਸਾਰੇ ਗੁਰੂ ਸਾਹਿਬਾਨਾਂ ਨੇ ਬਣਦਾ ਮਾਣ ਸਤਿਕਾਰ ਦਿੱਤਾ।' ਰੰਘਰੇਟੇ ਗੁਰੂ ਕੇ ਬੇਟੇ',(ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ), ਭਾਈ ਮਰਦਾਨਾ ਅਤੇ ਭਾਈ ਲਾਲੋ ਜੋ ਦੋਵੇਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰੀਬੀ ਸਨ ਅਤੇ ਨੀਵੀਂ ਜਾਤੀ ਨਾਲ ਸਬੰਧ ਰੱਖਦੇ ਸਨ। ਗੁਰੂ ਸਾਹਿਬ ਜੀ ਨੇ ਖਾਸ ਮਾਣ ਤੇ ਸਤਿਕਾਰ ਦਿੱਤਾ ਅਤੇ ਉਸ ਸਮੇਂ ਦੇ ਸਮਾਜਿਕ ਵਰਤਾਰੇ ਨੂੰ ਵੰਗਾਰਿਆ, ਕਿਹਾ ,

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਰ ਅੰਦੇਸੀ ਨਾਲ ਪੰਗਤ ਦੀ ਪ੍ਰਥਾ ਨੂੰ ਸਿਰਜਿਆ ਅਤੇ ਜੀਵਨ ਸਿਧਾਂਤ ਦਿੱਤੇ,'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ।' ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਸਮੇਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਵੇਲੇ ਜਾਤ ਪਾਤ ਦੇ ਕਰਮਕਾਂਡ ਨੂੰ ਤੋੜਿਆ। ਇਸ ਸਾਰੇ ਵਰਤਾਰੇ ਤੋਂ ਸਾਰੇ ਹੀ ਸਿੱਖ ਧਰਮ ਦੇ ਪੈਰੋਕਾਰ ਭਲੀ ਭਾਂਤਿ ਸੂਝਵਾਨ ਨੇ।

ਗੱਲ ਕਰਦੇ ਹਾਂ ਦਲਿਤ , ਸੂਦਰ (ਐਸ.ਸੀ ,ਐਸ .ਟੀ.) ਅਤੇ ਸਮਾਜਿਕ ਹਾਸੀਏ ਤੋਂ ਧੱਕੇ ਲੋਕਾਂ ਦੀ। ਇਹ ਉਹ ਲੋਕ ਹਨ , ਜਿਨ੍ਹਾਂ ਨੇ ਆਰੀਅਨਾਂ ਦਾ ਡੱਟ ਕੇ ਮੁਕਾਬਲਾ ਕੀਤਾ ।(ਹੁਣ ਵੀ ਕਰ ਰਹੇ ਨੇ।) ਇਨ੍ਹਾਂ ਨੂੰ ਬ੍ਰਾਹਮਣ ਜਾਤੀ ਨੇ ਕਿਹਾ ਕੀ ਤੁਸੀਂ ਮੇਰੇ ਨੇੜੇ ਨਾ ਆਓ, ਮੈਂ ਤੁਹਾਡੇ ਤੋਂ ਭਿੱਟਿਆ ਜਾਵਾਂਗਾ, ਮੈਨੂੰ ਤੁਹਾਡੇ ਤੋਂ ਖਤਰਾ ਹੈ। ਇਹ ਬਹੁਤ ਬਹਾਦਰ ਲੋਕ ਹਨ। ਭਾਰਤ ਦੀ 85 ਪ੍ਰਤੀਸਤ ਆਬਾਦੀ (ਉਹ ਲੋਕ ਜੋ ਹਿੰਦੂ ਨਾ ਹੋ ਕੇ ਵੱਖ ਵੱਖ ਧਰਮਾਂ ਦੇ ਹਨ) ਵਿੱਚ ਦਲਿਤਾਂ ਦੀ ਅਬਾਦੀ 33 ਪ੍ਰਤੀਸਤ ਬਣਦੀ ਹੈ। ਬਾਕੀ 52 ਪ੍ਰਤੀਸਤ ਉਹ ਲੋਕ ਹਨ ਜਿਸ ਵਿੱਚ ਅਲੱਗ-ਅਲੱਗ 3743 ( ਓ.ਬੀ.ਸੀ.)ਜਾਤਾਂ ਆ ਜਾਂਦੀਆਂ ਨੇ । ਇਤਹਾਸਕ ਹਵਾਲੇ ਨਾਲ ਗੱਲ ਕਰੀਏ ਤਾਂ ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਅਬਾਦੀ 32.5 ਪ੍ਰਤਿਸਤ ਬਣਦੀ ਹੈ। ਜਿਨ੍ਹਾਂ ਵਿੱਚ ਸਿੱਖ ਭਾਈਚਾਰੇ ਨਾਲ ਸਬੰਧਤ ਇਹ ਦਲਿਤ ਲੋਕ 15 ਕੁ ਪ੍ਰਤੀਸਤ ਨੇ ਬਾਕੀ 17 ਪ੍ਰਤੀਸਤ ਦਲਿਤ ਭਾਈਚਾਰੇ ਦੇ ਲੋਕ ਕਿਸੇ ਨਾ ਕਿਸੇ ਡੇਰੇ ਦੇ ਪ੍ਰਭਾਵ ਵਿੱਚ ਹਨ, ਉਹ ਚਾਹੇ ਸਿਰਸੇ ਵਾਲਾ ਡੇਰਾ ਹੋਵੇ ਜਾਂ ਬਿਆਸ ਵਾਲਾ ਡੇਰਾ ਹੋਵੇ। ਮੌਜੂਦਾ ਸਮਾਜਿਕ ਅਤੇ ਆਰਥਿਕ ਵਰਤਾਰੇ ਦੇ ਚੱਲਦਿਆਂ ਜਮੀਨੀ ਪੱਧਰ ਤੇ ਜੋ ਧਰਮ ਤਬਦੀਲੀ ਹੋ ਰਹੀ ਹੈ ਉਹ ਬੜੀ ਹੈਰਾਨੀਜਨਕ ਹੈ। ਇਹ ਮੁੱਢਲੀਆਂ ਲੋੜਾਂ ਤੋਂ ਥੁੜੇ ਹੋਏ ਲੋਕ ਬਹੁਤ ਤੇਜੀ ਨਾਲ ਇਸਾਈ ਧਰਮ ਵੱਲ ਖਿੱਚੇ ਜਾ ਰਹੇ ਹਨ। ਜਿਸ ਵਿੱਚ ਉਹ ਪੰਦਰਾਂ ਪ੍ਰਤੀਸਤ ਭਾਈਚਾਰਾ ਵੀ ਸਾਮਿਲ ਹੈ ਜੋ ਸਿੱਖ ਧਰਮ ਵਿੱਚ ਵਿਸਵਾਸ ਰੱਖਦਾ ਹੈ। ਪੰਜਾਬ ਦੇ 12581 ਪਿੰਡਾਂ ਵਿੱਚ ਹਰ ਪਿੰਡ ਦੇ ਦਲਿਤ ਵਿਹੜਿਆਂ ਵਿੱਚ ਘੱਟੋ ਘੱਟ ਦਸ ਤੋਂ ਪੰਜ ਘਰ ਅਜਿਹੇ ਹਨ ਜੋ ਇਸਾਈ ਧਰਮ ਦੇ ਪੈਰੋਕਾਰ ਹਨ। ਲੱਗਭਗ ਹਰ ਵੱਡੇ ਕਸਬੇ ਵਿੱਚ ਤੁਹਾਨੂੰ ਚਰਚ ਦੀ ਸਥਾਪਨਾ ਮਿਲ ਜਾਵੇਗੀ। ਪੰਜਾਬ ਦੇ ਹਰ ਪਿੰਡ ਵਿੱਚ ਦਲਿਤ ਲੋਕਾਂ ਦੇ ਗੁਰਦਵਾਰੇ ,ਬਾਲਮੀਕ ਮੰਦਰ ਅਤੇ ਸਿਵੇ ਬਾਕੀ ਉੱਚੀਆਂ ਜਾਤਾਂ ਨਾਲੋਂ ਪਿੰਡ ਤੋਂ ਬਾਹਰ ਅਲੱਗ ਹੀ ਮਿਲਣਗੇ।

ਲੰਬੇ ਅਰਸੇ ਤੋਂ ਇਸ ਤਰ੍ਹਾਂ ਕਿਉ ?

ਕੁਝ ਕਾਰਨ ਹਨ ,ਆਓ ਝਾਤ ਮਾਰੀਏ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਨੇ ਬੜੇ ਸੰਘਰਸ ਨਾਲ ਦਲਿਤ ਲੋਕਾਂ ਨੂੰ ਪੜ੍ਹਨ ਲਿਖਣ ਦਾ ਹੱਕ ਦਿਵਾਇਆ ਅਤੇ ਸੰਵਿਧਾਨਿਕ ਤੌਰ ਤੇ ਪਰਿਪੱਕਤਾ ਦਿੱਤੀ। ਰਿਜਰਵੇਸਨ ਕਾਰਨ ਬੇਸੱਕ ਆਰਥਿਕ ਪੱਧਰ ਦੇ ਵਿੱਚ ਸੁਧਾਰ ਤਾਂ ਹੋਇਆ ਪਰ 70 ਪ੍ਰਤੀਸਤ ਦਲਿਤ ਵਿਹੜਿਆਂ ਦੀ ਹਾਲਤ ਜਿਉਂ ਦੀ ਤਿਉਂ ਹੀ ਬਣੀ ਰਹੀ। ਗਰੀਬੀ ਅਤੇ ਅਨਪੜ੍ਹਤਾ ਨੇ ਮੁਢਲੀਆਂ ਲੋੜਾਂ ਪੂਰੀਆਂ ਨਹੀਂ ਹੋਣ ਦਿੱਤੀਆਂ।

ਪਿੰਡਾਂ ਵਿੱਚ ਬਣੇ ਗੁਰਦੁਆਰਿਆਂ ਉੱਤੇ ਵਿਸੇਸ ਜਾਤੀ ਦੇ ਪ੍ਰਭਾਵ ਕਾਰਨ ਅਤੇ ਜਾਤੀ ਪਾਤੀ ਨੇ ਵੱਖ ਵੱਖ ਧਾਰਮਿਕ ਸਥਾਨਾਂ ਦੀ ਸਥਾਪਨਾ ਨੂੰ ਬਲ ਦਿੱਤਾ। ਮਾਲਵੇ ਖਿੱਤੇ ਦੇ ਕੁਝ ਡੇਰਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ ਹੋਣ ਦੇ ਬਾਵਜੂਦ ਵੀ ਨੀਵੀਂ ਜਾਤੀ ਦੇ ਲੋਕਾਂ ਨੂੰ ਉਨ੍ਹਾਂ ਡੇਰਿਆਂ ਵਿੱਚ ਬਰਾਬਰ ਨਹੀਂ ਸਮਝਿਆ ਜਾਂਦਾ। ਜਿਨ੍ਹਾਂ ਨੂੰ ਕਿ ਅਜੇ ਤੱਕ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ,ਉਨ੍ਹਾਂ ਦੇ ਅਸਰ ਰਸੂਖ ਤੋਂ ਮੁਕਤ ਨਹੀਂ ਕਰਾ ਸਕੀ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੀ ਉਪਰਾਲੇ ਰਹੇ। ਡਾਕਟਰ ਭੀਮ ਰਾਓ ਅੰਬੇਦਕਰ (ਜੋ ਬਹੁਤ ਵਿਦਵਾਨ ਸਨ) 1952 ਈਸਵੀ ਵਿੱਚ ਮਹਾਂਰਾਸਟਰ ਤੋਂ ਚੱਲ ਕੇ ਅੰਮ੍ਰਿਤਸਰ ਆਉਂਦੇ ਨੇ ਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਦਲਿਤ ਲੋਕ ਸਿੱਖ ਧਰਮ ਨੂੰ ਅਪਣਾਉਣਾ ਚਾਹੁੰਦੇ ਹਾਂ ਕਿਉਂਕਿ ਤੁਹਾਡੇ ਸਿਧਾਂਤ ਬਹੁਤ ਵਧੀਆ ਨੇ, ਪਰ ਸਾਡੀ ਸਰਤ ਇਹ ਹੈ ਕਿ ਸਾਡੇ ਨਾਲ 'ਰੋਟੀ ਬੇਟੀ 'ਦੀ ਸਾਂਝ ਕਰੋ। ਉਸ ਸਮੇਂ ਦੇ ਪਰਧਾਨ ਨੇ ਕਿਹਾ ਕਿ ਅਸੀਂ ਪੰਗਤ ਦੀ ਸਾਂਝ ਤਾਂ ਕਰ ਸਕਦੇ ਹਾਂ, ਰੋਟੀ - ਬੇਟੀ ਦੀ ਨਹੀਂ। ਡਾਕਟਰ ਭੀਮ ਰਾਓ ਅੰਬੇਦਕਰ ਵੀਹਵੀਂ ਸਦੀ ਦਾ ਬਹੁਤ ਸੂਝਵਾਨ ਮਹਾਂ ਮਾਨਵ ਬੁੱਧੀਜੀਵੀ ਸਿੱਖ ਧਰਮ ਦੇ ਦਰ ਤੋਂ ਬੇਰੰਗ ਪਰਤ ਜਾਂਦਾ ਹੈ ਅਤੇ ਬਹੁਤ ਸਾਰੇ ਦਲਿਤਾਂ ਸਮੇਤ ਬੋਧੀ ਬਣ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ ਪੁਰਬ ਉੱਤੇ ਮਹਾਂਰਾਸਟਰ ਦੇ ਲੇਖਕ ਬੁੱਧੀਜੀਵੀ ਸ੍ਰੀ ਲਕਸਮਣ ਗਾਇਕਵਾੜ ਜੋ ਕਿ ਮੂਲ ਆਦਿਵਾਸੀ ਜਾਤੀ ਨਾਲ ਸਬੰਧਤ ਹਨ ਅਤੇ ਇਹਨਾਂ ਦੀਆਂ ਸੰਸਥਾਵਾਂ ਮਹਾਰਾਸਟਰ ,ਆਂਧਰਾ ਪ੍ਰਦੇਸ, ਮੱਧ ਪ੍ਰਦੇਸ , ਕਰਨਾਟਕਾ ਅਤੇ ਰਾਜਸਥਾਨ ਕਈਂ ਰਾਜਾਂ ਵਿੱਚ ਫੈਲੀਆਂ ਹੋਈਆਂ ਹਨ। ਇਹਨਾਂ ਦੀਆਂ ਕੁੱਲ 44 ਜਾਤੀਆਂ ਹਨ। ਇਨ੍ਹਾਂ ਸੰਸਥਾਵਾਂ ਦੇ ਹੇਠ ਘੱਟੋ-ਘੱਟ 6 ਲੱਖ ਆਦਿਵਾਸੀ ਕੰਮ ਕਰਦੇ ਹਨ। ਕਹਿਣ ਨੂੰ ਬੇਸੱਕ ਆਦਿਵਾਸੀ ਇਹਨਾਂ ਦੀ ਜਾਤੀ ਹੈ ਲੇਕਿਨ ਇਹ ਬਹੁਤ ਉੱਚੇ ਉੱਚੇ ਅਹੁਦਿਆਂ ਉੱਤੇ ਤੇ ਕੰਮ ਕਰਦੇ ਹਨ ਅਤੇ ਪੜ੍ਹੇ ਲਿਖੇ ਹਨ। ਇਹਨਾਂ ਦਾ ਆਰਥਿਕ ਪੱਧਰ ਵੀ ਸਾਡੇ ਪੰਜਾਬ ਦੇ ਦਲਿਤ ਲੋਕਾਂ ਨਾਲੋਂ ਕਿਤੇ ਜ਼ਿਆਦਾ ਉੱਚਾ ਹੈ। ਪਰ ਇਹਨਾਂ ਨੂੰ ਦਿਲੋਂ ਇਹ ਉਦਰੇਵਾਂ ਹੈ ਕਿ ਇਹ ਲੋਕ ਕਿਸੇ ਧਰਮ ਦੇ ਝੰਡੇ ਥੱਲੇ ਨਹੀਂ ਹਨ। ਹਿੰਦੂ ਲੋਕ ਇਹਨਾਂ ਨੂੰ ਆਪਣੇ ਵਿੱਚ ਰਲਾਉਂਦੇ ਨਹੀਂ ਤੇ ਨਾ ਹੀ ਇਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੀ ਆਗਿਆ ਹੈ। ਲਕਸਮਣ ਗਾਇਕਵਾੜ ਨੇ ਲੱਖਾਂ ਦੀ ਗਿਣਤੀ ਸਮੇਤ ਸਰਤ ਰਹਿਤ ਸਿੱਖ ਧਰਮ ਨੂੰ ਅਪਣਾਉਣ ਦੀ ਇੱਛਾ ਜਾਹਰ ਕੀਤੀ ਅਤੇ ਕਿਹਾ ਕਿ ਅਸੀਂ ਸਿੱਖ ਮਰਿਆਦਾ ਵਿੱਚ ਰਹਿ ਕੇ ਸਿੱਖੀ ਦਾ ਪ੍ਰਚਾਰ ਕਰਾਂਗੇ ।ਤੁਸੀਂ ਸਿਰਫ ਸਾਡੇ ਕਬੀਲਿਆਂ ਵਿੱਚ ਆਪਣੇ ਸਕੂਲ ਖੋਲ੍ਹ ਦਿਓ ।ਅਸੀਂ ਆਪਣੇ ਗੁਰਦੁਆਰਾ ਸਾਹਿਬ ਬਣਾ ਕੇ ਸਵੇਰੇ ਸਾਮ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਨ ਦੇ ਨਾਲ ਨਾਲ ਆਪਣੇ ਬੱਚਿਆਂ ਨੂੰ ਸਿੱਖ ਧਰਮ ਵੱਲ ਪ੍ਰੇਰਿਤ ਕਰਾਂਗੇ ।ਸੀਨੀਅਰ ਪੱਤਰਕਾਰ ਅਤੇ ਬੁੱਧੀਜੀਵੀ ਸ੍ਰੀ ਬੂਟਾ ਸਿੰਘ ਚੌਹਾਨ ਦੇ ਵੇਰਵਿਆਂ ਅਨੁਸਾਰ ਜਦੋਂ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਕੋਲ ਉਹਨਾਂ ਦੀ ਗੱਲ ਪਹੁੰਚਾਈ , ਤਾਂ ਉਹਨਾਂ ਦਾ ਅੱਜ ਤੱਕ ਕੋਈ ਜਵਾਬ ਨਹੀਂ ਆਇਆ ।ਕੀ ਇਹ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਵਧੀਆ ਮੌਕਾ ਨਹੀਂ ਸੀ ? ਖੈਰ ....

"ਕੁੱਛ ਤੋਂ ਮਜਬੂਰੀਆਂ ਰਹੀ ਹੋਂਗੀ,
ਯੂੰ ਤੋਂ ਕੋਈ ਬੇਵਫਾ ਨਹੀਂ ਹੋਤਾ।"

ਪਿਛਲੇ ਦਿਨਾਂ ਦੀਆਂ ਖਬਰਾਂ 'ਚਿੰਤਾ ਅਤੇ ਚਿੰਤਨ' ਦੇ ਅਧਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੇਸੱਕ ਜਿੰਨਾ ਮਰਜੀ ਰੌਲਾ ਪਾਈ ਜਾਵੇ ਕਿ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਤੇ ਉਨ੍ਹਾਂ ਨੇ 300 ਕਰੋੜ ਖਰਚੇ ਹਨ ਪਰ ਫਿਰ ਵੀ ਧਰਮ ਪਰਿਵਰਤਨ ਕਿਉਂ ਨਹੀਂ ਰੁਕ ਰਿਹਾ ?

ਸਿੱਖ, ਦੁਨੀਆਂ ਦੀ ਸਭ ਤੋਂ ਬਹਾਦਰ ਕੌਮ ਗਿਣੀ ਜਾਂਦੀ ਹੈ। ਮੌਜੂਦਾ ਐਸ.ਜੀ.ਪੀ.ਸੀ.ਦੇ ਪ੍ਰਧਾਨ ਬਹੁਤ ਸੂਝਵਾਨ , ਸੁਲਝੇ ਹੋਏ ਅਤੇ ਬੁੱਧੀਜੀਵੀ ਹਨ । ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡਾਂ ਦੇ ਦਲਿਤ ਵਿਹੜਿਆਂ ਵਿੱਚ ਸਕੂਲ ਖੋਲ੍ਹਣ ਦੇ ਨਾਲ ਨਾਲ ਸਿਹਤ ਸਹੂਲਤਾਂ ਵੀ ਮੁਫਤ ਦੇਣ ਦਾ ਉਪਰਾਲਾ ਕਰੇ। ਹਰ ਪਿੰਡ ਵਿੱਚ ਇੱਕ ਗੁਰਦੁਆਰਾ ਜਾਤ ਪਾਤ ਰਹਿਤ ਹੋਣ ਦੇ ਨਾਲ ਸਾਰੇ ਧਰਮਾਂ ਦੇ ਸਿਵੇ ਅਤੇ ਕਬਰਾਂ ਵੀ ਇੱਕ ਜਗ੍ਹਾ ਹੋ ਜਾਣ , ਡੇਰਿਆਂ ਵਿੱਚ ਹੁੰਦੇ ਜਾਤੀ ਵਿਤਕਰੇ ਨੂੰ ਖਤਮ ਕੀਤਾ ਜਾਵੇ ਨਹੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੇਰਿਆਂ ਤੋਂ ਮੁਕਤੀ ਦੁਆਈ ਜਾਵੇ ਤਾਂ ਪਰਿਵਰਤਨ , ਕ੍ਰਾਂਤੀਕਾਰੀ ਹੋਵੇਗਾ। ਉਮੀਦ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੀਆਂ ਸਿੱਖ ਜਥੇਬੰਦੀਆਂ ਫਰਾਖ ਦਿਲੀ ਨਾਲ ਇਨ੍ਹਾਂ ਮਸਲਿਆਂ ਤੇ ਵਿਚਾਰ ਕਰਕੇ ਸਦੀਆਂ ਤੋਂ ਲਕੀਰ ਦੇ ਫਕੀਰ ਬਣੇ ਹੋਏ ਇਹਨਾਂ ਸਮਾਜਿਕ ਅਤੇ ਧਾਰਮਿਕ ਮਸਲਿਆਂ ਨੂੰ ਵਿਦਵਤਾ ਨਾਲ ਸੁਲਝਾ ਕੇ ਗੁਰੂ ਸਾਹਿਬਾਨਾਂ ਦੇ ਦਿੱਤੇ ਹੋਏ ਸਿਧਾਂਤਾਂ ਨੂੰ ਸੱਚਮੁੱਚ ਮਾਨਵ ਦੇ ਭਲੇ ਲਈ ਲਾਗੂ ਕਰਨਗੀਆਂ।

**ਅੰਮ੍ਰਿਤਪਾਲ ਕਲੇਰ ਚੀਦਾ (ਮੋਗਾ)**
**ਸੰਪਰਕ 9915780980**

# ਬੈਂਕਾਂ ਵੱਲੋ ਦਿੱਤਾ ਕਰਜ ਮੋੜਨਾ ਹੀ ਅਸਲ ਸਮਝਦਾਰੀ ਦੀ ਨਿਸ਼ਾਨੀ ਹੈ ਅਤੇ ਮਜਬੂਤ ਸਮਾਜ ਦੀ ਸਿਰਜਣਾ ਵੱਲ ਇੱਕ ਚੰਗਾ ਕਦਮ....

ਬੈਂਕ ਸਾਡੇ ਸਾਰਿਆ ਲਈ ਇੱਕ ਖਾਸ ਅਤੇ ਮਹੱਤਵ ਪੂਰਨ ਸਥਾਨ ਰੱਖਦੇ ਹਨ, ਉਹ ਭਾਵੇਂ ਸਰਕਾਰੀ ਬੈਂਕ ਹੋਣ ਜਾਂ ਫਿਰ ਪ੍ਰਾਈਵੇਟ ਬੈਂਕ ਹੋਣ, ਇਹ ਸਾਰੇ ਬੈਂਕ ਸਾਡੇ ਸਾਰਿਆਂ ਲਈ ਇੱਕ ਪਲੇਟਫਾਰਮ ਦਾ ਕੰਮ ਕਰਦੇ ਹਨ, ਜਾਂ ਸਾਡੇ ਵੱਲੋ ਜਮਾਂ ਕੀਤੀ ਹੋਈ ਨਗਦ ਰਾਸੀ ਨੂੰ ਕਿਵੇਂ ਵਰਤਣਾ ਹੈ, ਕਿੱਥੇ ਵਰਤਣਾ ਹੈ , ਸਮੇਂ ਸਮੇਂ ਤੇ ਆਪਣੇ ਗਾਹਕਾਂ ਨੂੰ ਵੱਖਰੇ ਵੱਖਰੇ ਸੁਝਾਅ ਦਿੰਦੇ ਰਹਿੰਦੇ ਹਨ। ਬੈਂਕ ਆਮ ਅਤੇ ਖਾਸ ਵਰਗ ਦੇ ਲੋਕਾਂ ਲਈ ਬਣੇ ਹਨ, ਜੋਂ ਕਿ ਬੈਂਕ ਲੋਕਾਂ ਨੂੰ ਸਮੇਂ ਸਮੇਂ ਤੇ ਪੈਸੇ ਦਾ ਲੈਣ ਦੇਣ ਕਰਦੇ ਰਹਿੰਦੇ ਹਨ , ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਬੈਂਕ ਕੋਲ ਆਪਣੇ ਕੋਈ ਪੈਸੇ ਨਹੀਂ ਹੁੰਦੇ, ਇਹ ਸਿਰਫ ਤੇ ਸਿਰਫ ਲੋਕਾਂ ਦੇ ਪੈਸੇ ਨਾਲ ਹੀ ਸਾਰੇ ਲੈਣ ਦੇਣ ਦੇ ਕੰਮ ਕਰਦੇ ਹਨ, ਜਿਵੇਂ ਲੋਨ ਦੇਣੇ, ਉਹ ਲੋਨ ਕੋਈ ਵੀ ਹੋ ਸਕਦੇ ਹਨ, ਜਿਵੇਂ ਕਿ ਕਾਰ ਲੋਨ, ਬੱਸ ਲੋਨ, ਟਰੱਕ ਲੋਨ, ਘਰ ਬਣਾਉਣ ਲਈ ਲੋਨ, ਮੋਟਰ ਸਾਈਕਲ ਲੋਨ, ਪੜ੍ਹਾਈ ਲਈ ਲੋਨ, ਵਪਾਰ ਕਰਨ ਲਈ ਲੋਨ, ਆਪਣਾ ਸੋਨਾ ਰੱਖਕੇ ਗੋਲਡ ਲੋਨ, ਪਰਸਨਲ ਲੋਨ ਬੈਂਕ ਦੁਬਾਰਾ ਹੋਰ ਵੀ ਬਹੁਤ ਸਾਰੇ ਲੋਨ ਹਰੇਕ ਵਿਅਕਤੀ ਅਤੇ ਵਰਗ ਦੀ ਲੋੜ ਮੁਤਾਬਿਕ ਅਤੇ ਯੋਗ ਵਿਅਕਤੀ ਨੂੰ ਲੋਨ ਦਿੱਤੇ ਜਾਂਦੇ ਹਨ,

ਭਾਵ ਜੋਂ ਆਦਮੀ ਬੈਂਕ ਦੀਆਂ ਸਾਰੀਆਂ ਸਰਤਾਂ ਪੂਰੀਆਂ ਕਰਨ ਵਿੱਚ ਸਫਲ ਹੁੰਦਾ ਹੈ, ਉਹ ਲੋਨ ਲੈਣ ਦਾ ਹੱਕਦਾਰ ਬਣ ਜਾਂਦਾ ਹੈ। ਗੱਲ ਹੈ ਲੋਨ ਦੇਣ ਅਤੇ ਲੈਣ ਦੀ, ਪਰ ਲੋਨ ਲੈਣ ਤੋ ਬਾਅਦ ਦੀ ਜੁੰਮੇਵਾਰੀ ਲੋਨ ਉਤਾਰਨ ਦੀ ਜਿੰਮੇਵਾਰੀ ਤੋਂ ਲੋਨ ਧਾਰਕ ਵਿਅਕਤੀ ਦੀ ਬਣ ਜਾਂਦੀ ਹੈ, ਪਿਆਰੇ ਦੋਸਤੋ ਬੈਂਕ ਵੱਲੋ ਦਿੱਤੇ ਕਰਜ ਭਾਵ ਲੋਨ ਸਮੇਂ ਸਮੇਂ ਤੇ ਮੋੜਨਾ ਹੀ ਅਸਲ ਵਿੱਚ ਸਮਝਦਾਰੀ ਹੈ,

ਕਿਉਕਿ ਇਹ ਲੋਕਾਂ ਦਾ ਹੀ ਪੈਸਾ ਹੁੰਦਾ ਹੈ, ਜਿੰਨੀ ਛੇਤੀ ਮੋੜਾਗੇ, ਉਹਨਾ ਹੀ ਛੇਤੀ ਲੋਨ ਲੈਣਾ ਹੋਰਾਂ ਲਈ ਆਸਾਨ ਹੋਵੇਂਗਾ, ਦੁਬਾਰਾ ਫੇਰ ਆਖਦਾ ਹਾਂ ਕਿ ਬੈਂਕ ਦੀਆਂ ਸਰਤਾਂ ਪੂਰੀਆਂ ਕਰਨ ਉਪਰੰਤ, ਗੱਲ ਸੀ ਲੋਨ ਲੈਣ ਅਤੇ ਮੋੜਨ ਦੀ, ਜਿਸ ਲੋੜ ਅਤੇ ਭੱਜ ਦੌੜ ਵਿੱਚ ਸਾਮਿਲ ਹੋਕੇ ਅਸੀਂ ਲੋਨ ਲੈਂਦੇ ਹਾਂ, ਉਸ ਤੋਂ ਜ਼ਿਆਦਾ ਇਮਾਨਦਾਰੀ ਨਾਲ ਆਪਣਾ ਫਰਜ ਸਮਝਦੇ ਹੋਏ, ਪਹਿਲ ਦੇ ਅਧਾਰ ਉੱਤੇ ਬੈਂਕ ਵੱਲੋ ਬਣਾਈਆਂ ਗਈਆਂ ਕਿਸਤਾਂ ਵਿੱਚ ਲੋਨ ਵਾਪਸ ਕਰਨਾ ਸਾਡਾ ਸਭ ਦਾ ਮੁੱਢਲਾ ਫਰਜ ਹੋਣਾ ਚਾਹੀਦਾ ਹੈ।




ਕਈ ਵਾਰ ਸਰਕਾਰਾਂ ਵੱਲੋ ਕਰਜ ਮੁਆਫੀ ਦਾ ਫੈਸਲਾ ਲੈਣਾ ਵੀ ਬੈਂਕਾਂ ਦੇ ਹਿੱਤ ਲਈ ਨੁਕਸਾਨਦਾਇਕ ਹੁੰਦਾ ਹੈ, ਗੱਲ ਮੁਆਫੀ ਦੀ ਨਹੀ, ਕੀ ਕਰਜ ਮੁਆਫ ਕੀਤਾ ਗਿਆ, ਪਰ ਅਸੀਂ ਸਾਰੇ ਸਮਾਜ ਦਾ ਸਰਮਾਇਆ ਹਾਂ ਅਤੇ ਹਰੇਕ ਵਿਅਕਤੀ ਅਤੇ ਵਰਗ ਦੀ ਸਮਾਜ ਵਿੱਚ ਇੱਕ ਵੱਖਰੀ ਪਛਾਣ ਬਣਾਈ ਹੋਈ ਹੈ ।ਸੋ ਮੁਆਫੀ ਵਾਲਾ ਸਬਦ ਸਾਨੂੰ ਰਹਿਮ ਅਤੇ ਲਾਚਾਰੀ ਦੇ ਪੱਖ ਵੱਲ ਮੋੜ ਲੈਂਦਾ ਹੈ ਜਾਂ ਸਾਹਮਣੇ ਵਾਲੇ ਦੇ ਅਸੀਂ ਤਰਸ ਦੇ ਪਾਤਰ ਬਣ ਜਾਂਦੇ ਹਾਂ।

ਜਿਸ ਲੋੜ ਲਈ ਅਸੀਂ ਕਰਜ ਲੈਂਦੇ ਹਾਂ, ਉਸੇ ਲੋੜ ਪ੍ਰਤੀ ਇਮਾਨਦਾਰੀ ਵਿਖਾਉਂਦੇ ਹੋਏ, ਸਾਨੂੰ ਬੈਂਕਾਂ ਦਾ ਕਰਜ ਮੋੜਨਾ ਹੀ ਇੱਕ ਵੱਖਰੀ ਸੋਚ ਸਮਾਜ ਅਤੇ ਬੈਂਕਾਂ ਵਿੱਚ ਇੱਕ ਵੱਖਰਾ ਸਥਾਨ ਹਾਸਲ ਕਰਨ ਵਿੱਚ ਸਾਡਾ ਸਹੀ ਲੈਣ ਦੇਣ ਸਾਡੇ ਰੁੱਤਬੇ ਨੂੰ ਚਾਰ ਚੰਨ ਲਾਉਂਦੇ ਹਨ। ਕਿਸੇ ਵੱਡੇ ਵੱਲ ਨਾ ਵੇਖੋ ਕਿ ਉਹ ਬੈਂਕ ਦਾ ਕਰਜ ਨਹੀ ਮੋੜ ਰਿਹਾ, ਪਰ ਤੁਸੀਂ ਅਸੀਂ ਸਾਰੇ ਆਪਣੇ ਕਿਰਦਾਰ ਅਤੇ ਬੈਂਕ ਨਾਲ ਇਮਾਨਦਾਰੀ ਵਿਖਾਈਏ।

ਮਜਬੂਰੀ ਹਰੇਕ ਵਿਅਕਤੀ ਦੀ ਹੋ ਸਕਦੀ ਹੈ, ਉਹ ਵੀ ਇੱਕ ਦਿਨ ਲਈ, ਹਫਤੇ ਲਈ ਜਾਂ ਮਹੀਨੇ ਲਈ, ਜੇਕਰ ਇਸ ਤੋਂ ਵੱਧ ਮਜਬੂਰੀ ਦਾ ਨਾਮ ਦੇਕੇ ਅਸੀਂ ਬੈਂਕ ਦੀ ਕਿਸਤ ਰੋਕਦੇ ਹਾਂ, ਤਾਂ ਸਮਝੋ ਅਸੀਂ ਆਪਣੇ ਅਸਲ ਮਕਸਦ ਤੋਂ ਭਤਕ ਗਏ ਹਾਂ, ਬੈਂਕ ਨਾਲ ਵਫਾਦਾਰੀ ਨਹੀਂ ਵਿਖਾ ਰਹੇ, ਅਸੀਂ ਵੀ ਬੈਂਕ ਦੀ ਕਿਸਤ ਰੋਕੇ ਇੱਕ ਕਦਮ ਬੈਂਕ ਨਾ ਪੱਖੀ ਸੋਚ ਵੱਲ ਪੁੱਟ ਲਿਆ ਹੈ, ਸੋ ਪਿਆਰੇ ਦੋਸਤੋਂ ਬੈਂਕ ਵੱਲੋ ਦਿੱਤਾ ਗਿਆ ਕਰਜ ਹਮੇਸਾ ਸਮੇਂ ਸਮੇਂ ਅਤੇ ਪਹਿਲ ਦੇ ਅਧਾਰ ਉੱਤੇ ਵਾਪਸ ਕਰੋ, ਤਾਂ ਜੋਂ ਅਸੀਂ ਵਧੀਆ ਸਮਾਜ ਦੀ ਸਿਰਜਣਾ ਕਰ ਸਕੀਏ ਅਤੇ ਆਪਣੇ ਦੇਸ ਦੀ ਤਰੱਕੀ ਅਤੇ ਆਪਣੇ ਬੈਂਕਾਂ ਨੂੰ ਮਜਬੂਤ ਅਤੇ ਠੋਸ ਨੀਤੀ ਵੱਲ ਮੋੜ ਸਕੀਏ, ਅਸੀਂ ਕਰਜ ਲੈਂਦੇ ਹਾਂ, ਖੁਸਹਾਲ ਹੋਣ ਲਈ, ਪਰ ਅਸੀਂ ਉਹੀ ਕਰਜ ਨਾ ਮੋੜਕੇ ਬੈਂਕ ਅਤੇ ਸਾਡੇ ਸਮਾਜ ਨੂੰ ਆਰਥਿਕ ਪੱਖੋਂ ਕਮਜੋਰ ਕਰ ਰਹੇ ਹਾਂ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 9855036444**

# ਖੁਸ਼ੀ ਅਮੀਰੀ ਵਿਚ ਨਹੀਂ, ਖੁਸੀ ਸੰਤੁਸਟੀ ਵਿੱਚ ਹੈ

## (ਹੋਰ ਦੀ ਲਾਲਸਾ ਵਿੱਚ ਜੋ ਕੁਝ ਕੋਲ ਹੈ ਉਸ ਦੀ ਖੁਸੀ ਮਨਾਉਣਾ ਨਾ ਭੁੱਲੋ)

ਜ਼ਿੰਦਗੀ ਵਿੱਚ ਅਸੀਂ ਜੋ ਕੁਝ ਕਰਦੇ ਹਾਂ, ਉਸ ਦਾ ਇੱਕੋ-ਇੱਕ ਮਨੋਰਥ ਖੁਸ਼ੀ ਨੂੰ ਹਾਸਲ ਕਰਨਾ ਹੀ ਹੁੰਦਾ ਹੈ। ਜ਼ਿੰਦਗੀ ਵਿੱਚ ਪਿਆਰ, ਦੋਸਤੀ, ਰਿਸਤੇ, ਸਫਲਤਾ, ਪੈਸਾ ਆਦਿ ਜੋ ਕੁਝ ਵੀ ਮਹੱਤਵਪੂਰਨ ਹੈ, ਸਭ ਖੁਸ਼ੀਆਂ ਨੂੰ ਇਕੱਤਰ ਕਰਨ ਦੇ ਸਾਧਨ ਹਨ। ਮਨੁੱਖ ਦੀ ਫਿਤਰਤ ਹੈ ਕਿ ਉਸ ਕੋਲ ਜੋ ਹੁੰਦਾ ਹੈ, ਉਹ ਉਸ ਨਾਲ ਸੰਤੁਸਟ ਨਹੀਂ ਹੁੰਦਾ ਸਗੋਂ ਜੋ ਉਸਦੇ ਕੋਲ ਨਹੀਂ ਹੁੰਦਾ, ਉਸਦੀ ਲਾਲਸਾ ਉਸ ਨੂੰ ਹਰ ਪਲ ਰਹਿੰਦੀ ਹੈ। ਇਸੇ ਲਾਲਸਾ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਵਿੱਚ ਉਸ ਦੀ ਸਾਰੀ ਉਮਰ ਬੀਤ ਜਾਂਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜ਼ਿੰਦਗੀ ਇੱਕੋ ਵਾਰ ਮਿਲੀ ਹੈ ਅਤੇ ਇਸਦੀ ਮਿਆਦ ਬਹੁਤ ਹੀ ਸੀਮਤ ਹੈ। ਇਸ ਦੁਨੀਆਂ ਵਿੱਚ ਕਈਆਂ ਨੂੰ ਤਾਂ ਸੰਸਾਰਕ ਸੁੱਖ ਜੰਮਦਿਆਂ ਹੀ ਮਿਲ ਜਾਂਦੇ ਹਨ ਅਤੇ ਕਈਆਂ ਨੂੰ ਦੋ ਵੱਕਤ ਦੀ ਰੋਟੀ ਦਾ ਵੀ ਫਿਕਰ ਹੁੰਦਾ ਹੈ। ਹਰ ਕਿਸੇ ਦੀ ਪੈਸਾ ਕਮਾਉਣ ਦੀ ਵੱਖਰੀ ਵੱਖਰੀ ਸੀਮਾ ਹੁੰਦੀ ਹੈ। ਮਨੁੱਖ ਆਪਣੀ ਆਮਦਨ ਦੇ ਵਸੀਲਿਆਂ ਮੁਤਾਬਕ ਆਪਣਾ ਘਰ-ਬਾਰ, ਵਹੀਕਲ ਅਤੇ ਹੋਰ ਸੁੱਖ ਸਹੂਲਤਾਂ ਜੁਟਾਉਂਦਾ ਹੈ। ਪਰ ਦੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਲੋਕ ਖੁਦ ਨੂੰ ਮਿਲੀਆਂ ਸੁੱਖ ਸਹੂਲਤਾਂ ਦਾ ਲੁਤਫ ਲੈਣ ਦੀ ਬਜਾਏ ਦੂਸਰੇ ਲੋਕਾਂ ਦੀ ਐਸੋ ਅਰਾਮ ਵਾਲੀ ਜਿੰਦਗੀ ਨੂੰ ਵੇਖਕੇ ਨਿਰਾਸ ਹੁੰਦੇ ਰਹਿੰਦੇ ਹਨ। ਅਸੀਂ ਹਮੇਸਾ ਆਪਣੇ ਤੋਂ ਅਮੀਰ ਵੱਲ ਵੇਖਦੇ ਹਾਂ ਪਰ ਜੇਕਰ ਵੇਖੀਏ ਤਾਂ ਸਾਡੇ ਤੋਂ ਘੱਟ ਪੈਸਾ ਜਾਂ ਥੋੜੀਆਂ ਸੁੱਖ ਸਹੂਲਤਾਂ ਵਾਲੇ ਲੋਕ ਵੀ ਆਪਣਾ ਜੀਵਨ ਨਿਰਬਾਹ ਕਰਦੇ ਹੀ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਇਨਸਾਨ ਦੀ ਹੋਰ ਹੋਰ ਪਾਉਣ ਦੀ ਲਾਲਸਾ ਐਨੀ ਜ਼ਿਆਦਾ ਵਧ ਗਈ ਹੈ ਕਿ ਉਹ ਜੋ ਕੁਝ ਉਸ ਕੋਲ ਹੈ ਉਸ ਦੀ ਖੁਸੀ ਮਨਾਉਣਾ ਵੀ ਭੁੱਲ ਜਾਂਦਾ ਹੈ। ਪਰਮਾਤਮਾ ਨੇ ਸਾਨੂੰ ਐਨਾ ਸੋਹਣਾ ਜੀਵਨ ਬਖਸ਼ਿਆ ਹੈ। ਜੇਕਰ ਸਾਡੇ ਅੰਗ ਪੈਰ ਸਹੀ ਸਲਾਮਤ ਹਨ ਅਤੇ ਅਸੀਂ ਕੰਮ ਕਰਨ ਦੇ ਯੋਗ ਹਾਂ ਤਾਂ ਸਾਨੂੰ ਪਰਮਾਤਮਾ ਦਾ ਸੁਕਰਾਨਾ ਕਰਨਾ ਚਾਹੀਦਾ ਹੈ ਕਿਉਂਕਿ ਦੁਨੀਆਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਨਸੀਬ ਨਹੀਂ ਹੁੰਦਾ। ਪਰ ਅਸੀਂ ਵੇਖਦੇ ਹਾਂ ਕਿ ਸਾਈਕਲ ਵਾਲਾ ਮੋਟਰਸਾਈਕਲ ਵਾਲੇ ਵੱਲ ਵੇਖਕੇ ਦੁੱਖੀ ਹੈ, ਮੋਟਰਸਾਈਕਲ ਵਾਲਾ ਇਹ ਸੋਚ ਕੇ ਦੁੱਖੀ ਹੈ ਕਿ ਉਸ ਕੋਲ ਕਾਰ ਹੋਣੀ ਚਾਹੀਦੀ ਹੈ ਅਤੇ ਕਾਰ ਵਾਲਾ ਹੋਰ ਮਹਿਗੀਆਂ ਕਾਰਾਂ ਦੀ ਲਾਲਸਾ ਵਿੱਚ ਦੁੱਖੀ ਹੈ। ਇਨ੍ਹਾਂ ਵਿਚੋਂ ਕੋਈ ਵੀ ਸੁਖੀ ਇਸ ਕਰਕੇ ਨਹੀਂ ਹੈ ਕਿਉਂਕਿ ਇਹ ਕਿਸੇ ਵੀ ਸਟੇਜ ਤੇ ਸੰਤੁਸਟ ਨਹੀਂ ਹੁੰਦੇ।_ਝ ਲੋਕਾਂ ਦਾ ਮਨੋਰਥ ਜ਼ਿੰਦਗੀ ਵਿੱਚ ਅਮੀਰ ਬਣਨਾ ਅਤੇ ਧਨ-ਦੌਲਤ ਇਕੱਠੀ ਕਰਨੀ ਹੀ ਹੁੰਦਾ ਹੈ। ਪਰ ਵੇਖਿਆ ਗਿਆ ਹੈ ਕਿ ਉਹ ਕਦੇ ਵੀ ਖੁਸ਼ ਨਹੀਂ ਰਹਿ ਸਕਦੇ। ਉਨ੍ਹਾਂ ਅਮੀਰ ਆਦਮੀਆਂ ਦੇ ਮੁਕਾਬਲੇ ਤਾਂ ਗ਼ਰੀਬ ਆਦਮੀ ਆਨੰਦਮਈ ਜੀਵਨ ਬਤੀਤ ਕਰਦਾ ਹੈ। ਉਹ ਮਿਹਨਤ ਮਜ਼ਦੂਰੀ ਕਰਕੇ ਸਬਰ ਤੇ ਸੰਤੋਖ ਵਾਲਾ ਜੀਵਨ ਜਿਊਂਦਾ ਹੈ ਤੇ ਬੇਫਿਕਰੀ ਦੀ ਨੀਂਦ ਸੌਂਦਾ ਹੈ। ਸਾਡੇ ਕੋਲ ਬਹੁੱਤ ਕੁੱਝ ਹੋਣ ਦੇ ਬਾਵਜੂਦ ਵੀ ਹੋਰ ਜ਼ਿਆਦਾ ਪਾਉਣ ਦੀ ਹੋੜ ਨੇ ਸਾਨੂੰ ਕਮਲਾ ਕਰ ਰੱਖਿਆ ਹੈ, ਸੱਭ ਕੁੱਝ ਹੁੰਦਿਆਂ ਹੋਇਆ ਵੀ ਸਾਡੇ ਅੰਦਰ ਬੇਚੈਨੀ ਹੈ। ਜੋ ਸਾਨੂੰ ਰੱਬ ਨੇ ਦਿੱਤਾ ਹੈ ਉਸ ਦੇ ਉੱਤੇ ਤਾਂ ਸਾਡਾ ਧਿਆਨ ਹੀ ਨਹੀਂ ਜਾਂਦਾ। ਅਸੀਂ ਉਸ ਚੀਜ ਦੇ ਪਿੱਛੇ ਪਏ ਰਹਿੰਦੇ ਹਾਂ ਜੋ ਸਾਡੀ ਹੈ ਹੀ ਨਹੀਂ ਜਾ ਸਾਡੀ ਕਦੀ ਹੋ ਹੀ ਨਹੀਂ ਸਕਦੀ। ਜੀਵਨ ਵਿੱਚ ਅੱਗੇ ਵਧਣਾ ਜਾਂ ਤਰੱਕੀ ਕਰਨੀ ਚੰਗੀ ਗੱਲ ਹੈ ਪਰ ਜਿਸ ਮੁਕਾਮ ਤੇ ਅਸੀਂ ਹਾਂ ਉਸ ਤੇ ਸੰਤੁਸਟੀ ਮਹਿਸੂਸ ਨਾ ਕਰਨਾ ਜਾਂ ਉਸ ਦੀ ਤੁਲਨਾ ਹੋਰਾਂ ਨਾਲ ਕਰਕੇ ਦੁੱਖੀ ਹੋਣਾ ਸਹੀ ਨਹੀਂ ਹੈ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਕਦੋਂ ਮੌਤ ਆਪਣੇ ਕਲਾਵੇ ਵਿੱਚ ਲੈ ਲਵੇ। ਇਸ ਲਈ ਹਮੇਸਾ ਖੁਸ਼ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੈਸਾ ਜੀਵਨ ਦੀਆਂ ਲੋੜਾਂ ਜਰੂਰ ਪੂਰੀਆਂ ਕਰ ਸਕਦਾ ਹੈ, ਪਰ ਦਿਲ ਦੀ ਖੁਸ਼ੀ ਨਹੀਂ ਦੇ ਸਕਦਾ। ਇਸ ਲਈ ਹਰ ਹਾਲ ਜ਼ਿੰਦਗੀ ਦਾ ਅਨੰਦ ਮਾਣਨ ਲਈ ਤੱਤਪਰ ਰਹਿਣਾ ਚਾਹੀਦਾ ਹੈ। ਅਸੀਂ ਜ਼ਿਆਦਾਤਰ ਸੋਚਦੇ ਹਾਂ ਕਿ ਖੁਸੀ ਪੈਸੇ ਜਾਂ ਅਮੀਰੀ ਵਿੱਚ ਹੈ, ਪਰ ਅਸਲ ਵਿੱਚ ਖੁਸੀ ਅਮੀਰੀ ਵਿੱਚ ਨਹੀਂ, ਖੁਸੀ ਸੰਤੁਸਟੀ ਵਿੱਚ ਹੈ।

**ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ 9876888177**

# ਵਿਸ਼ਵ ਲੀਡਰਸ਼ਿਪ ਜਾਂ ਦਬਦਬੇ ਦੀ ਰਾਜਨੀਤੀ ਊਰਜਾ, ਯੁੱਧ, ਨੋਬਲ ਸ਼ਾਂਤੀ ਪੁਰਸਕਾਰ ਦੀ ਇੱਛਾ, ਅਤੇ ਵਿਸ਼ਵ ਅਸਥਿਰਤਾ ਦਾ ਤਿਕੋਣ

## ਜਦੋਂ ਸ਼ਕਤੀ ਪ੍ਰਤਿਭਾ ਨੂੰ ਹਾਵੀ ਕਰ ਦਿੰਦੀ ਹੈ, ਤਾਂ ਇਹ ਧੱਕੇਸ਼ਾਹੀ ਬਣ ਜਾਂਦੀ ਹੈ। ਟਰੰਪ ਯੁੱਗ ਇਸ ਟਕਰਾਅ ਨੂੰ ਦਰਸਾਉਂਦਾ ਹੈ, ਦੁਨੀਆ ਨੂੰ ਇਹ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ ਕਿ ਭਵਿੱਖ ਕਿਸ ਦਿਸ਼ਾ ਵੱਲ ਜਾਵੇਗਾ




21ਵੀਂ ਸਦੀ ਵਿੱਚ ਵਿਸ਼ਵ ਰਾਜਨੀਤੀ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ ਰਵਾਇਤੀ ਕੂਟਨੀਤੀ, ਫੌਜੀ ਸ਼ਕਤੀ, ਆਰਥਿਕ ਦਬਦਬਾ, ਅਤੇ ਨਿੱਜੀ ਲੀਡਰਸ਼ਿਪ ਸ਼ੈਲੀਆਂ ਟਕਰਾ ਰਹੀਆਂ ਹਨ। ਖਾਸ ਕਰਕੇ ਡੋਨਾਲਡ ਟਰੰਪ ਵਰਗੇ ਨੇਤਾਵਾਂ ਦੇ ਯੁੱਗ ਵਿੱਚ, ਇਹ ਸਵਾਲ ਕਿ ਕੀ ਅੱਜ ਦੀ ਦੁਨੀਆ ਪ੍ਰਤਿਭਾ ਦੀ ਸ਼ਕਤੀ ਦੁਆਰਾ ਚਲਾਈ ਜਾਂਦੀ ਹੈ ਜਾਂ ਸ਼ਕਤੀ ਦੀ ਪ੍ਰਤਿਭਾ ਹਾਵੀ ਹੈ, ਹੋਰ ਵੀ ਪ੍ਰਸੰਗਿਕ ਹੋ ਗਿਆ ਹੈ। ਇਹ ਬਹਿਸ ਸਿਰਫ਼ ਵਿਚਾਰਧਾਰਕ ਨਹੀਂ ਹੈ, ਸਗੋਂ ਇਸਦੇ ਵਿਹਾਰਕ ਅਤੇ ਵਿਸ਼ਵਵਿਆਪੀ ਪ੍ਰਭਾਵ ਵੀ ਹਨ, ਜਿਸ ਵਿੱਚ ਯੁੱਧ, ਸ਼ਾਂਤੀ, ਕੂਟਨੀਤੀ ਅਤੇ ਨੋਬਲ ਸ਼ਾਂਤੀ ਪੁਰਸਕਾਰ ਵਰਗੇ ਵੱਕਾਰੀ ਪੁਰਸਕਾਰ ਸ਼ਾਮਲ ਹਨ। ਟਰੰਪ ਦੀ ਅਗਵਾਈ ਹੇਠ ਅਮਰੀਕਾ ਫਸਟ ਨੀਤੀ ਨੇ ਵਿਸ਼ਵ ਰਾਜਨੀਤੀ ਵਿੱਚ ਇੱਕ ਨਵੀਂ ਹਮਲਾਵਰਤਾ ਅਤੇ ਅਨਿਸ਼ਚਿਤਤਾ ਨੂੰ ਜਨਮ ਦਿੱਤਾ ਹੈ। ਟੈਰਿਫ ਯੁੱਧ, ਆਰਥਿਕ ਪਾਬੰਦੀਆਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ 'ਤੇ ਦਬਾਅ ਇਹ ਸਭ ਦਰਸਾਉਂਦੇ ਹਨ ਕਿ ਅਮਰੀਕਾ ਹੁਣ ਲੀਡਰਸ਼ਿਪ ਦੀ ਭੂਮਿਕਾ ਨਹੀਂ, ਸਗੋਂ ਨਿਯੰਤਰਣ ਦੀ ਭੂਮਿਕਾ ਚਾਹੁੰਦਾ ਹੈ। ਯੂਕਰੇਨ ਲਈ ਸੰਯੁਕਤ ਰਾਜ ਅਮਰੀਕਾ ਦਾ ਸਮਰਥਨ, ਜਿਸ ਤੋਂ ਬਾਅਦ ਰੂਸ ਨਾਲ ਰਣਨੀਤਕ ਸੰਤੁਲਨ ਬਣਾਇਆ ਗਿਆ, ਇਹ ਦਰਸਾਉਂਦਾ ਹੈ ਕਿ ਨੀਤੀਆਂ ਹੁਣ ਸਥਾਈ ਨਹੀਂ ਸਗੋਂ ਸਥਿਤੀਗਤ ਹਨ। ਇਹ ਪ੍ਰਤਿਭਾ ਦੀ ਬਜਾਏ ਸ਼ਕਤੀ ਦੀ ਵਰਤੋਂ ਜਾਪਦਾ ਹੈ। ਮੱਧ ਪੂਰਬ ਵਿੱਚ ਵਧ ਰਹੇ ਤਣਾਅ, ਖਾਸ ਕਰਕੇ ਈਰਾਨ, ਇਜ਼ਰਾਈਲ ਅਤੇ ਖਾੜੀ ਖੇਤਰ ਨਾਲ, ਦੁਨੀਆ ਨੂੰ ਇੱਕ ਨਵੇਂ ਊਰਜਾ ਸੰਕਟ ਵੱਲ ਧੱਕ ਰਹੇ ਹਨ। ਮੈਂ, ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਹੋਰਮੁਜ਼ ਜਲਡਮਰੂ ਵਰਗੇ ਮਹੱਤਵਪੂਰਨ ਸਮੁੰਦਰੀ ਮਾਰਗਾਂ 'ਤੇ ਨਿਯੰਤਰਣ ਦੀ ਰਾਜਨੀਤੀ ਦਰਸਾਉਂਦੀ ਹੈ ਕਿ ਊਰਜਾ ਸਿਰਫ਼ ਇੱਕ ਆਰਥਿਕ ਮੁੱਦਾ ਨਹੀਂ ਸਗੋਂ ਇੱਕ ਰਣਨੀਤਕ ਹਥਿਆਰ ਬਣ ਗਈ ਹੈ। ਟਰੰਪ ਦੇ ਜਲਡਮਰੂ ਦਾ ਹਵਾਲਾ ਇੱਕ ਹਾਸੋਹੀਣੀ ਗਲਤੀ ਹੋ ਸਕਦੀ ਹੈ, ਪਰ ਇਹ ਉਸਦੀ ਆਤਮ-ਵਿਸ਼ਵਾਸ ਅਤੇ ਸ਼ਕਤੀ-ਕੇਂਦ੍ਰਿਤ ਮਾਨਸਿਕਤਾ ਨੂੰ ਪ੍ਰਗਟ ਕਰਦਾ ਹੈ। ਨੋਬਲ ਕਮੇਟੀ ਦੁਆਰਾ ਦਿੱਤਾ ਗਿਆ ਨੋਬਲ ਸ਼ਾਂਤੀ ਪੁਰਸਕਾਰ ਹਮੇਸ਼ਾ ਵਿਸ਼ਵ ਸ਼ਾਂਤੀ ਅਤੇ ਮਨੁੱਖਤਾ ਲਈ ਯੋਗਦਾਨ ਦਾ ਪ੍ਰਤੀਕ ਰਿਹਾ ਹੈ। ਹਾਲਾਂਕਿ, ਜਦੋਂ ਕੋਈ ਸ਼ਕਤੀਸ਼ਾਲੀ ਨੇਤਾ ਕਹਿੰਦਾ ਹੈ ਕਿ ਜੇ ਉਸਨੂੰ ਇਹ ਨਹੀਂ ਮਿਲਿਆ, ਤਾਂ ਕਿਸੇ ਨੂੰ ਨਹੀਂ ਮਿਲਣਾ ਚਾਹੀਦਾ, ਇਹ ਪੁਰਸਕਾਰ ਦੀ ਸ਼ਾਨ 'ਤੇ ਸਵਾਲ ਉਠਾਉਂਦਾ ਹੈ। ਫਲੋਰੀਡਾ ਦੇ ਮਿਆਮੀ ਵਿੱਚ ਇੱਕ ਕਾਨਫਰੰਸ ਵਿੱਚ ਦਿੱਤੇ ਭਾਸ਼ਣ ਵਿੱਚ, ਅਮਰੀਕੀ ਰਾਸ਼ਟਰਪਤੀ ਨੇ ਈਰਾਨ ਬਾਰੇ ਤਿੱਖੀ ਟਿੱਪਣੀ ਕੀਤੀ ਅਤੇ ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਣ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਆਪਣੇ ਸੰਬੋਧਨ ਵਿੱਚ, ਟਰੰਪ ਨੇ ਦਾਅਵਾ ਕੀਤਾ ਕਿ ਈਰਾਨ ਅਮਰੀਕਾ ਨਾਲ ਇੱਕ ਸਮਝੌਤੇ ਦੀ ਭੀਖ ਮੰਗ ਰਿਹਾ ਹੈ ਅਤੇ ਜਲਦੀ ਹੀ ਇੱਕ ਸਮਝੌਤੇ 'ਤੇ ਪਹੁੰਚਣਾ ਚਾਹੀਦਾ ਹੈ। ਭਾਸ਼ਣ ਦੌਰਾਨ, ਉਸਨੇ ਗਲਤੀ ਨਾਲ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੋਰਮੁਜ਼ ਸਟ ?ਰੇਟ ਨੂੰ ਟਰੰਪ ਸਟ ?ਰੇਟ ਕਿਹਾ। ਹਾਲਾਂਕਿ ਟਰੰਪ ਨੇ ਤੁਰੰਤ ਆਪਣੇ ਆਪ ਨੂੰ ਸੁਧਾਰਿਆ, ਇਸਨੂੰ ਹੋਰਮੁਜ਼ ਕਿਹਾ ਅਤੇ ਮਜ਼ਾਕ ਵਿੱਚ ਕਿਹਾ ਕਿ ਇਹ ਇੱਕ ਭਿਆਨਕ ਗਲਤੀ ਸੀ, ਟਰੰਪ ਦਾ ਬਿਆਨ ਸ਼ਕਤੀ ਅਤੇ ਪ੍ਰਤਿਭਾ ਵਿਚਕਾਰ ਟਕਰਾਅ ਦੀ ਇੱਕ ਸਪੱਸ਼ਟ ਉਦਾਹਰਣ ਹੈ, ਜਿੱਥੇ ਤਾਕਤ ਦੇ ਅਧਾਰ 'ਤੇ ਸਤਿਕਾਰ ਪ੍ਰਾਪਤ ਕਰਨ ਦੀ ਇੱਛਾ ਸਪੱਸ਼ਟ ਹੈ। 2025 ਵਿੱਚ ਮਾਰੀਆ ਕੋਰੀਨਾ ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਪ੍ਰਦਾਨ ਕਰਨਾ ਦਰਸਾਉਂਦਾ ਹੈ ਕਿ ਪ੍ਰਤਿਭਾ ਦਾ ਮਤਲਬ ਸਿਰਫ਼ ਸ਼ਕਤੀ ਜਾਂ ਪ੍ਰਭਾਵ ਨਹੀਂ ਹੈ, ਸਗੋਂ ਸੰਘਰਸ਼, ਹਿੰਮਤ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਖੜ੍ਹੇ ਹੋਣਾ ਹੈ। ਵੈਨੇਜ਼ੁਏਲਾ ਵਰਗੇ ਦੇਸ਼ ਵਿੱਚ ਵਿਰੋਧੀ ਧਿਰ ਦੀ ਆਵਾਜ਼ ਬਣਨਾ ਅਤੇ ਸ਼ਾਂਤੀ ਲਈ ਲੜਨਾ ਸੱਚੀ ਪ੍ਰਤਿਭਾ ਦੀ ਇੱਕ ਉਦਾਹਰਣ ਹੈ, ਜੋ ਫੌਜੀ ਜਾਂ ਆਰਥਿਕ ਸ਼ਕਤੀ ਤੋਂ ਬਿਨਾਂ ਵੀ ਵਿਸ਼ਵਵਿਆਪੀ ਮਾਨਤਾ ਪ੍ਰਾਪਤ ਕਰ ਸਕਦੀ ਹੈ।

ਦੋਸਤੋ, ਜੇਕਰ ਅਸੀਂ ਪ੍ਰਤਿਭਾ ਅਤੇ ਸ਼ਕਤੀ ਵਿੱਚ ਬੁਨਿਆਦੀ ਅੰਤਰ 'ਤੇ ਵਿਚਾਰ ਕਰੀਏ, ਤਾਂ ਪ੍ਰਤਿਭਾ ਇੱਕ ਨਿੱਜੀ ਗੁਣ ਹੈ; ਇਹ ਗਿਆਨ, ਅਨੁਭਵ, ਸੰਵੇਦਨਸ਼ੀਲਤਾ ਅਤੇ ਨੈਤਿਕਤਾ ਦਾ ਸੁਮੇਲ ਹੈ। ਇਸ ਦੇ ਉਲਟ, ਸ਼ਕਤੀ ਬਾਹਰੀ ਹੁੰਦੀ ਹੈ - ਫੌਜੀ, ਆਰਥਿਕ, ਜਾਂ ਰਾਜਨੀਤਿਕ। ਜਦੋਂ ਫੈਸਲੇ ਪ੍ਰਤਿਭਾ ਦੇ ਅਧਾਰ 'ਤੇ ਕੀਤੇ ਜਾਂਦੇ ਹਨ, ਤਾਂ ਉਹ ਲੰਬੇ ਸਮੇਂ ਦੇ ਅਤੇ ਸੰਤੁਲਿਤ ਹੁੰਦੇ ਹਨ। ਹਾਲਾਂਕਿ, ਜਦੋਂ ਫੈਸਲੇ ਤਾਕਤ ਦੇ ਅਧਾਰ 'ਤੇ ਕੀਤੇ ਜਾਂਦੇ ਹਨ, ਤਾਂ ਉਹ ਥੋੜ੍ਹੇ ਸਮੇਂ ਦੇ ਅਤੇ ਅਸਥਿਰ ਹੁੰਦੇ ਹਨ। ਇਹ ਟਕਰਾਅ ਅੱਜ ਦੀ ਵਿਸ਼ਵ ਰਾਜਨੀਤੀ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ।

ਦੋਸਤੋ, ਜੇਕਰ ਅਸੀਂ ਸ਼ਾਂਤੀ ਦੇ ਦਾਅਵਿਆਂ ਬਨਾਮ ਯੁੱਧ ਦੀ ਅਸਲੀਅਤ 'ਤੇ ਵਿਚਾਰ ਕਰੀਏ, ਤਾਂ ਟਰੰਪ ਦਾ ਆਪਣੇ ਆਪ ਨੂੰ ਇੱਕ ਸ਼ਾਂਤੀ ਨਿਰਮਾਤਾ ਵਜੋਂ ਪੇਸ਼ ਕਰਨਾ ਅਤੇ ਅੱਠ ਯੁੱਧਾਂ ਨੂੰ ਰੋਕਣ ਦਾ ਦਾਅਵਾ ਕਰਨਾ, ਜਦੋਂ ਕਿ ਮੱਧ ਪੂਰਬ ਵਿੱਚ ਹਿੰਸਾ ਵਧਦੀ ਜਾ ਰਹੀ ਹੈ, ਇੱਕ ਗੰਭੀਰ ਵਿਰੋਧਾਭਾਸ ਹੈ। ਹਜ਼ਾਰਾਂ ਲੋਕਾਂ ਦੀ

ਨਿਊਜ਼ਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨ,
ਗੋਂਡੀਆ, ਮਹਾਰਾਸ਼ਟਰ 9226229318

ਮੌਤ, ਫੌਜਾਂ ਦਾ ਨੁਕਸਾਨ ਅਤੇ ਖੇਤਰੀ ਅਸਥਿਰਤਾ ਦਰਸਾਉਂਦੀ ਹੈ ਕਿ ਸ਼ਾਂਤੀ ਸਿਰਫ ਭਾਸ਼ਣ ਵਿੱਚ ਮੌਜੂਦ ਹੈ, ਜ਼ਮੀਨ 'ਤੇ ਨਹੀਂ। ਇਹ ਸ਼ਕਤੀ ਦੀ ਪ੍ਰਤਿਭਾ ਹੈ, ਜਿੱਥੇ ਸ਼ਬਦ ਚਿੱਤਰ ਬਣਾਉਂਦੇ ਹਨ, ਪਰ ਅਸਲੀਅਤ ਵੱਖਰੀ ਹੈ। ਪੂਰੀ ਦੁਨੀਆ ਕਿਊਬਾ, ਈਰਾਨ ਅਤੇ ਵਿਸ਼ਵ ਨਿਯੰਤਰਣ ਦੀ ਉਸਦੀ ਰਣਨੀਤੀ ਨੂੰ ਦੇਖ ਰਹੀ ਹੈ। ਟਰੰਪ ਦਾ ਕਿਊਬਾ ਨੂੰ ਅਗਲਾ ਨਿਸ਼ਾਨਾ ਬਣਾਉਣਾ ਅਤੇ ਈਰਾਨ 'ਤੇ ਉਸਦਾ ਦਬਾਅ ਦਰਸਾਉਂਦਾ ਹੈ ਕਿ ਅਮਰੀਕਾ ਦੀ ਰਣਨੀਤੀ ਸਿਰਫ਼ ਰੱਖਿਆ ਦੀ ਨਹੀਂ, ਸਗੋਂ ਵਿਸਥਾਰ ਅਤੇ ਨਿਯੰਤਰਣ ਦੀ ਹੈ। ਦਾਅਵਿਆਂ ਅਤੇ ਫੌਜੀ ਕਾਰਵਾਈਆਂ ਜਿਵੇਂ ਕਿ ਆਪ੍ਰੇਸ਼ਨ ਐਪਿਕ ਫਿਊਰੀ ਦਰਸਾਉਂਦੇ ਹਨ ਕਿ ਹੁਣ ਵਿਸ਼ਵ ਰਾਜਨੀਤੀ ਵਿੱਚ ਸੰਵਾਦ ਦੀ ਥਾਂ ਸ਼ਕਤੀ ਨੇ ਲੈ ਲਈ ਹੈ।

ਦੋਸਤੋ, ਜੇਕਰ ਅਸੀਂ ਦੋਹਰੇ ਮਾਪਦੰਡਾਂ ਅਤੇ ਬਦਲਦੇ ਕੂਟਨੀਤੀ 'ਤੇ ਵਿਚਾਰ ਕਰੀਏ, ਤਾਂ ਟਰੰਪ ਦੀਆਂ ਨੀਤੀਆਂ ਇੱਕ ਸਪੱਸ਼ਟ ਵਿਰੋਧਾਭਾਸ ਪ੍ਰਗਟ ਕਰਦੀਆਂ ਹਨ: ਕਦੇ ਰੂਸ ਦੇ ਵਿਰੁੱਧ, ਕਦੇ ਉਸਦੇ ਨਾਲ; ਕਦੇ ਯੂਕਰੇਨ ਦੇ ਸਮਰਥਨ ਵਿੱਚ, ਕਦੇ ਉਸ 'ਤੇ ਦਬਾਅ। ਇਸੇ ਤਰ੍ਹਾਂ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦੀ ਗ੍ਰਿਫਤਾਰੀ, ਪਾਕਿਸਤਾਨੀ ਫੌਜ ਮੁਖੀ ਨਾਲ ਕੂਟਨੀਤਕ ਸ਼ਮੂਲੀਅਤ, ਅਤੇ ਭਾਰਤ 'ਤੇ ਰੂਸ ਤੋਂ ਤੇਲ ਨਾ ਖਰੀਦਣ ਦਾ ਦਬਾਅ, ਇਹ ਸਾਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਵਿਸ਼ਵ ਰਾਜਨੀਤੀ ਹੁਣ ਸਿਧਾਂਤਾਂ 'ਤੇ ਨਹੀਂ, ਸਗੋਂ ਹਿੱਤਾਂ 'ਤੇ ਅਧਾਰਤ ਹੈ।

ਦੋਸਤੋ, ਜੇਕਰ ਅਸੀਂ ਜਨਤਕ ਅਸੰਤੁਸ਼ਟੀ 'ਤੇ ਵਿਚਾਰ ਕਰੀਏ: ਲੋਕਤੰਤਰ ਬਨਾਮ ਲੀਡਰਸ਼ਿਪ ਹੰਕਾਰ, ਤਾਂ ਸੰਯੁਕਤ ਰਾਜ ਅਮਰੀਕਾ ਵਿੱਚ ਲੱਖਾਂ ਲੋਕਾਂ ਦਾ ਸੜਕਾਂ 'ਤੇ ਉਤਰਨਾ ਦਰਸਾਉਂਦਾ ਹੈ ਕਿ ਲੋਕਤੰਤਰ ਵਿੱਚ ਜਨਤਾ ਦੀ ਭੂਮਿਕਾ ਮਹੱਤਵਪੂਰਨ ਹੈ। ਲਗਭਗ 9 ਮਿਲੀਅਨ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਨਾ ਸਿਰਫ਼ ਨੀਤੀਆਂ ਦੇ ਵਿਰੁੱਧ ਸਨ, ਸਗੋਂ ਲੀਡਰਸ਼ਿਪ ਸ਼ੈਲੀਆਂ ਦੇ ਵਿਰੁੱਧ ਵੀ ਸਨ। ਜਦੋਂ ਜਨਤਾ ਆਪਣੇ ਹੀ ਨੇਤਾ ਦੀ ਵਿਦੇਸ਼ ਨੀਤੀ ਅਤੇ ਹਮਲਾਵਰ ਰਵੱਈਏ ਨਾਲ ਅਸਹਿਮਤ ਹੁੰਦੀ ਹੈ, ਤਾਂ ਇਹ ÷ਸ਼ਕਤੀ÷ ਦੀਆਂ ਸੀਮਾਵਾਂ ਨੂੰ ਉਜਾਗਰ ਕਰਦੀ ਹੈ। ਇੱਕ ਲੋਕਤੰਤਰ ਵਿੱਚ, ÷ਪ੍ਰਤਿਭਾ÷ ਦਾ ਅਰਥ ਨਾ ਸਿਰਫ਼ ਫੈਸਲੇ ਲੈਣ ਦੀ ਯੋਗਤਾ ਹੈ, ਸਗੋਂ ਜਨਤਕ ਵਿਸ਼ਵਾਸ ਨੂੰ ਬਣਾਈ ਰੱਖਣ ਦੀ ਯੋਗਤਾ ਵੀ ਹੈ।

ਦੋਸਤੋ, ਜੇਕਰ ਅਸੀਂ ਵਿਸ਼ਵਵਿਆਪੀ ਸੰਦੇਸ਼ ਅਤੇ ਭਵਿੱਖ ਦੀ ਦਿਸ਼ਾ 'ਤੇ ਵਿਚਾਰ ਕਰੀਏ, ਤਾਂ ਅੱਜ ਦੀ ਦੁਨੀਆ ਲਈ ਸਭ ਤੋਂ ਵੱਡਾ ਸਬਕ ਇਹ ਹੈ ਕਿ ਸ਼ਕਤੀ ਦੀ ਵਰਤੋਂ ਸੀਮਤ ਅਤੇ ਜ਼ਿੰਮੇਵਾਰ ਹੋਣੀ ਚਾਹੀਦੀ ਹੈ। ਜੇਕਰ ਪ੍ਰਤਿਭਾ ਸ਼ਕਤੀ 'ਤੇ ਹਾਵੀ ਹੋ ਜਾਂਦੀ ਹੈ, ਤਾਂ ਵਿਸ਼ਵਵਿਆਪੀ ਅਸਥਿਰਤਾ ਵਧੇਗੀ। ਪਰ ਜੇਕਰ ਪ੍ਰਤਿਭਾ ਦੀ ਸ਼ਕਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ, ਤਾਂ ਸ਼ਾਂਤੀ, ਸਹਿਯੋਗ ਅਤੇ ਵਿਕਾਸ ਸੰਭਵ ਹੈ। ਨੋਬਲ ਸ਼ਾਂਤੀ ਪੁਰਸਕਾਰ ਵਰਗੇ ਸਨਮਾਨ ਇਸ ਦਿਸ਼ਾ ਨੂੰ ਸੇਧ ਦੇ ਸਕਦੇ ਹਨ, ਬਸ਼ਰਤੇ ਉਨ੍ਹਾਂ ਨੂੰ ਰਾਜਨੀਤੀ ਤੋਂ ਦੂਰ ਰੱਖਿਆ ਜਾਵੇ।

ਇਸ ਲਈ, ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਸੰਤੁਲਨ ਹੱਲ ਹੈ। ਇਹ ਸਪੱਸ਼ਟ ਹੈ ਕਿ ਨਾ ਤਾਂ ਪ੍ਰਤਿਭਾ ਅਤੇ ਨਾ ਹੀ ਸ਼ਕਤੀ ਕਾਫ਼ੀ ਹੈ। ਸਫਲ ਅਤੇ ਪ੍ਰਭਾਵਸ਼ਾਲੀ ਵਿਸ਼ਵ ਲੀਡਰਸ਼ਿਪ ਲਈ ਦੋਵਾਂ ਦੇ ਸੰਤੁਲਨ ਦੀ ਲੋੜ ਹੁੰਦੀ ਹੈ। ਪਰ ਜਦੋਂ ਸ਼ਕਤੀ ਪ੍ਰਤਿਭਾ ਨੂੰ ਹਾਵੀ ਕਰ ਦਿੰਦੀ ਹੈ, ਤਾਂ ਇਹ ਧੱਕੇਸ਼ਾਹੀ ਬਣ ਜਾਂਦੀ ਹੈ। ਟਰੰਪ ਯੁੱਗ ਇਸ ਦੁਬਿਧਾ ਦਾ ਪ੍ਰਤੀਕ ਹੈ, ਜੋ ਦੁਨੀਆ ਨੂੰ ਇਹ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ ਕਿ ਭਵਿੱਖ ਕਿਸ ਦਿਸ਼ਾ ਵੱਲ ਜਾਵੇਗਾ: ਪ੍ਰਤਿਭਾ ਦੀ ਸ਼ਕਤੀ ਜਾਂ ਸ਼ਕਤੀ ਦੀ ਪ੍ਰਤਿਭਾ। ਮੇਰੇ ਦੁਆਰਾ ਲਿਖਿਆ ਗਿਆ ਇਹ ਵਿਚਾਰਸ਼ੀਲ ਲੇਖ ਸਿਰਫ਼ ਇੱਕ ਵਿਸ਼ਲੇਸ਼ਣ ਨਹੀਂ ਹੈ, ਸਗੋਂ ਇੱਕ ਚੇਤਾਵਨੀ ਵੀ ਹੈ ਕਿ ਜੇਕਰ ਵਿਸ਼ਵ ਰਾਜਨੀਤੀ ਵਿੱਚ ਸੰਤੁਲਨ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਤਾਂ ਭਵਿੱਖ ਵਿੱਚ ਟਕਰਾਅ ਅਤੇ ਅਸਥਿਰਤਾ ਹੋਰ ਵਧ ਸਕਦੀ ਹੈ।

# ਘਰੇਲੂ ਔਰਤਾਂ ਨੂੰ ਘੱਟ ਆਂਕਣਾ ਅਸਲੀਅਤ ਤੋਂ ਮੂੰਹ ਫੇਰਨਾ

ਔਰਤ ਅਤੇ ਮਰਦ ਜ਼ਿੰਦਗੀ ਦੇ ਸਾਇਕਲ ਦੇ ਦੋ ਪਹੀਏ ਹਨ, ਆਸਾਨ ਸਫ਼ਰ ਲਈ ਦੋਹਾਂ ਦੀ ਜ਼ਰੂਰਤ ਹੈ। ਮਕਾਨ ਨੂੰ ਘਰ, ਘਰ ਨੂੰ ਸਵਰਗ ਬਣਾਉਣ ਦੀ ਮੁਹਾਰਤ, ਬਰਕਤ ਅਤੇ ਕਲਾ ਕੁਦਰਤ ਨੇ ਔਰਤ ਨੂੰ ਬਖਸ਼ੀ ਹੈ। ਉਹ ਮਕਾਨ ਕਦੇ ਘਰ, ਘਰ ਸਵਰਗ ਨਹੀਂ ਬਣਦੇ ਜੋ ਔਰਤਾਂ ਤੋਂ ਸੱਖਣੇ ਹੁੰਦੇ ਹਨ। ਔਰਤਾਂ ਦੇ ਸਬਰ, ਸਹਿਜਤਾ ਅਤੇ ਕੋਮਲਤਾ ਕਰਕੇ ਹੀ ਕੁਦਰਤ ਨੇ ਉਸਨੂੰ ਮਾਂ ਵਰਗੇ ਉੱਚੇ ਰੁਤਵੇ ਨਾਲ ਨਿਵਾਜਿਆ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਪਰਮਾਤਮਾ ਹਰ ਥਾਂ ਆਪ ਨਹੀਂ ਖਲੋ ਸਕਦਾ ਇਸ ਲਈ ਉਸ ਨੇ ਮਾਂ ਨੂੰ ਬਣਾਇਆ ਜੋ ਆਪਣੇ ਬੱਚਿਆਂ ਲਈ ਆਖਰੀ ਦਮ ਤੱਕ ਬਹੁੜਦੀ ਹੈ। ਔਰਤ ਕੋਈ ਵੀ ਹੋਵੇ ਕੰਮਕਾਜੀ ਜਾਂ ਘਰੇਲੂ, ਉਸਦੀ ਕਿਸੇ ਵੀ ਹਾਲਤ ਵਿੱਚ ਅਹਿਮੀਅਤ ਘੱਟ ਨਹੀਂ ਹੈ। ਦੋਨੋਂ ਆਪਣੇ ਆਪਣੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਦਾ ਇਹ ਦੁਖਾਂਤ ਵੀ ਹੈ ਕਿ ਘਰੇਲੂ ਔਰਤਾਂ ਨੂੰ ਅਕਸਰ ਹਲਕੇ ਵਿੱਚ ਲਿਆ ਜਾਂਦਾ ਹੈ, ਉਹਨਾਂ ਦੇ ਮਹੱਤਵ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਘਰੇਲੂ ਔਰਤ ਹੋਣਾ ਘੱਟ ਆਤਮ ਵਿਸ਼ਵਾਸੀ, ਪਿਛਾਕੜ ਦੀ ਨਿਸ਼ਾਨੀ ਕਦੇ ਵੀ ਨਹੀਂ ਅਤੇ ਨਾ ਹੀ ਕੋਈ ਹੀਣ ਭਾਵਨਾ ਨਾਲ ਗ੍ਰਸਿਤ ਹੋਣ ਦੀ ਸਥਿਤੀ ਹੈ। ਸਿੱਖਿਆ ਪ੍ਰਾਪਤ ਕਰਨਾ ਹਰ ਔਰਤ ਦਾ ਹੱਕ ਹੈ ਅਤੇ ਉੱਚ ਸਿੱਖਿਆ ਪ੍ਰਾਪਤ ਔਰਤ ਘਰ ਨੂੰ ਅਤੇ ਆਉਣ ਵਾਲੀ ਪੀੜੀ ਦੀ ਹੋਰ ਸੁਚੱਜੇ ਢੰਗ ਨਾਲ ਦੇਖ-ਰੇਖ ਕਰ ਸਕਦੀ ਹੈ। ਘਰੇਲੂ ਔਰਤਾਂ ਉਹ ਹਨ ਜੋ ਆਪਣਾ ਆਪ ਭੁਲਾ ਕੇ ਪਰਿਵਾਰਾਂ ਨੂੰ ਇੱਕ ਮਾਲਾ ਵਿੱਚ ਪਰੋਕੇ ਰੱਖਦੀਆਂ ਹਨ, ਸੰਭਾਲ ਕੇ ਰੱਖਦੀਆਂ ਹਨ ਅਤੇ ਉਹਨਾਂ ਲਈ ਬਿਨ੍ਹਾ ਕਿਸੇ ਸੁਆਰਥ ਜਾਂ ਲਾਲਚ ਤੋਂ ਸਮਰਪਿਤ ਹੋ ਜਾਂਦੀਆਂ ਹਨ। ਘਰੇਲੂ ਔਰਤਾਂ ਪਰਿਵਾਰਿਕ ਜ਼ਿੰਮੇਵਾਰੀਆਂ, ਰਿਸ਼ਤਿਆਂ ਦੇ ਨਿੱਕੇ ਨਿੱਕੇ ਹਿਸਾਬ ਬਿਨ੍ਹਾ ਕਿਸੇ ਲਿਖਤ ਪੜ੍ਹਤ ਤੋਂ ਜ਼ੁਬਾਨੀ ਯਾਦ ਰੱਖ ਛੱਡਦੀਆਂ ਹਨ ਤੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੀਆਂ ਹਨ ਜੋ ਕਿ ਉਹਨਾਂ ਨੂੰ ਬਾਕੀਆਂ ਨਾਲੋਂ ਵਿਸ਼ੇਸ਼ ਸਥਾਨ ਤੇ ਖੜ੍ਹਾ ਕਰ ਦਿੰਦਾ ਹੈ। ਘਰੇਲੂ ਔਰਤਾਂ ਦਾ ਕੋਈ ਐਤਵਾਰ ਨਹੀਂ ਆਉਂਦਾ ਅਤੇ ਨਾ ਹੀ ਕੋਈ ਹੋਰ ਛੁੱਟੀ ਹੁੰਦੀ ਹੈ ਅਤੇ ਨਾ ਹੀ ਉਹਨਾਂ ਦਾ ਕੋਈ ਦਿਨ ਰਾਤ ਹੁੰਦਾ ਹੈ। ਇਹ ਓਹੀ ਘਰੇਲੂ ਔਰਤਾਂ ਹਨ ਜੋ ਬੂਹਾ ਖੜਕੇ ਤੇ ਅੱਧੀ ਰਾਤ ਨੂੰ ਵੀ ਇੱਕ ਦਮ ਉੱਠ ਖੜਦੀਆਂ ਹਨ, ਇਹਨਾਂ ਨੂੰ ਕਦੇ ਪੂਰੀ ਨੀਂਦ ਨਸੀਬ ਨਹੀਂ ਹੁੰਦੀ। ਘਰੇਲੂ ਔਰਤਾਂ ਦਾ ਪਰਿਵਾਰ ਸੰਭਾਲਣ ਅਤੇ ਕੰਮ ਕਰਨ ਦਾ ਕੋਈ ਅੱਠ ਘੰਟੇ ਦਾ ਨਿਸ਼ਚਿਤ ਟਾਇਮ ਨਹੀਂ ਹੁੰਦਾ ਬਲਕਿ ਚੌਬੀ ਘੰਟੇ, ਬਾਰ੍ਹਾਂ ਮਹੀਨੇ ਹਰ ਸਮੇਂ ਹਾਜ਼ਰ ਰਹਿੰਦੀਆਂ ਹਨ। ਘਰ ਦੇ ਬਜ਼ੁਰਗ, ਪਤੀ ਅਤੇ ਬੱਚਿਆਂ ਦਾ ਛੋਟੀ ਤੋਂ ਛੋਟੀ ਗੱਲ, ਕੰਮ, ਖਾਣਪੀਣ ਆਦਿ ਦਾ ਖਿਆਲ ਰੱਖਣਾ ਅਤੇ ਘਰਦੇ ਕੰਮਾਂ ਨੂੰ ਸੰਵਾਰਨਾ ਕੋਈ ਆਸਾਨ ਵਰਤਾਰਾ ਨਹੀਂ, ਇਹ ਘਰੇਲੂ ਔਰਤਾਂ ਹੀ ਹਨ ਜੋ ਆਪਣੀ ਕਾਬਲੀਅਤ ਨਾਲ ਇਸ ਨੂੰ ਸੰਭਾਲਦੀਆਂ ਹਨ। ਕਈ ਵਾਰ ਮਹਿਫਲਾਂ ਵਿੱਚ ਹਾਸੇ ਠੱਠੇ ਵਿੱਚ ਕਹਿ ਦਿੱਤਾ ਜਾਂਦਾ ਹੈ ਕਿ ਔਰਤਾਂ ਨੂੰ ਉਹਨਾਂ ਦੀ ਉਮਰ ਨਹੀਂ ਪੁੱਛੀਦੀ ਤੇ ਇਸਦਾ ਜਵਾਬ ਵੀ ਆਪਣੀ ਮੱਤ ਅਨੁਸਾਰ ਵਿਅੰਗਮਈ ਲੈ ਲਿਆ ਜਾਂਦਾ ਹੈ ਜਦਕਿ ਇਸ ਦਾ ਵਾਜਿਬ ਜਵਾਬ ਤਾਂ ਇਹ ਹੈ ਕਿ ਔਰਤਾਂ ਨੂੰ ਕਦੇ ਉਹਨਾਂ ਦੀ ਉਮਰ ਨਹੀਂ ਪੁੱਛੀਦੀ ਕਿਉਂਕਿ 'ਉਹ ਕਦੇ ਵੀ ਆਪਣੇ ਲਈ ਨਹੀਂ ਜਿਉਂਦੀਆਂ, ਸਗੋਂ ਹਮੇਸ਼ਾਂ ਆਪਣੇ ਪਰਿਵਾਰ ਲਈ ਜਿਉਂਦੀਆਂ ਹਨ'। ਜੇਕਰ ਘਰੇਲੂ ਔਰਤਾਂ ਗੰਵਾਰ, ਅਰਥਹੀਣ, ਕਿਸੇ ਕੰਮ ਦੀਆਂ ਨਹੀਂ ਜਾਪਦੀਆਂ, ਸਮੇਂ ਤੋਂ ਬਹੁਤ ਪਿੱਛੇ ਜਾਪ ਰਹੀਆਂ ਹਨ ਤਾਂ ਇਹ ਉਹਨਾਂ ਦੀ ਗਲਤੀ ਨਹੀਂ ਇਹ ਤੁਹਾਡੀ ਸਮਾਜਿਕ ਅਤੇ ਮਾਨਸਿਕ ਸੋਚ ਦਾ ਨਿਘਾਰ ਹੈ, ਤੁਹਾਡੇ ਨਜ਼ਰੀਏ ਨੂੰ ਇਲਾਜ ਦੀ ਜ਼ਰੂਰਤ ਹੈ। ਘਰੇਲੂ ਔਰਤਾਂ ਨੂੰ ਕਿਸੇ ਪੱਖ ਤੋਂ ਘੱਟ ਆਂਕਣਾ ਸਿਰਫ ਆਪਣੀ ਮੂਰਖਤਾ ਅਤੇ ਅਗਿਆਨਤਾ ਦੀ ਪ੍ਰੋੜਤਾ ਕਰਨਾ ਹੈ ਅਤੇ ਅਸਲੀਅਤ ਤੋਂ ਮੂੰਹ ਫੇਰਨਾ ਹੈ। ਘਰੇਲੂ ਔਰਤਾਂ ਨੂੰ ਕੋਈ ਬੱਝਵੀਂ ਤਨਖਾਹ ਨਹੀਂ ਮਿਲਦੀ ਪਰੰਤੂ ਉਹ ਆਪਣਿਆਂ ਦੀ ਖੁਸ਼ੀ ਵਿੱਚ ਖੁਸ਼ ਹਨ ਅਤੇ ਆਪਣੇ ਸੁਪਨਿਆਂ ਨੂੰ ਲਾਂਭੇ ਰੱਖ ਪਰਿਵਾਰਾਂ ਨੂੰ ਪਹਿਲ ਦੇ ਰਹੀਆਂ ਹਨ, ਉਹਨਾਂ ਨੂੰ ਬਣਦਾ ਸਤਿਕਾਰ ਦੇਣਾ, ਉਹਨਾਂ ਦੇ ਸਮਰਪਣ ਅਤੇ ਕੀਤੀ ਜਾਂਦੀ ਅਣਥੱਕ ਮਿਹਨਤ ਨੂੰ ਸਿਜਦਾ ਕਰਨਾ ਚਾਹੀਦਾ ਹੈ।

ਗੋਬਿੰਦਰ ਸਿੰਘ ਢੀਂਡਸਾ ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ ਨੰਬਰ 92560-66000

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026




# ਪ੍ਰੀਤ ਫੁਲਵਾੜੀ

## ਭਲੇ ਦਿਨ

ਚਿੰਤਾ ਕਰੇ ਚਿੰਤਾ ਮਣੀ
ਸੁਖ ਭੋਗੇ ਸੁਖ ਦਾਸ
ਦੁਨੀਆ ਇੰਜ ਹੀ ਚਲਣੀ
ਰੱਖ ਭਲੇ ਦਿਨਾਂ ਦੀ ਆਸ
ਮਿਹਨਤ ਵਾਲਾ ਪੱਲਾ ਫੜ ਲੈ
ਖੁਸ਼ ਰਹਿਣਾ ਤਰੱਕੀ ਕਰ ਲੈ
ਖਲਕਤ ਨਾ ਕਰੀ ਨਰਾਜ
ਇੰਜ ਬਣਜੇ ਗਾ ਕੁਝ ਖਾਸ
ਬੋਲਣ ਵਾਲੇ ਬੋਲ ਸੁਣਾਵਣ
ਹਾਥੀ ਆਪਣੀ ਚਾਲੇ ਜਾਵਣ
ਸਹਿਣ ਦਾ ਕਰ ਲੈ ਜਾਪ
ਬੀਤੇ ਤੇ ਹੋਣਾ ਨਹੀਂ ਨਿਰਾਸ
ਤਕਰਾਰਾ ਵਿੱਚ ਨਹੀਓ ਫਸਣਾ
ਚੰਗੇ ਗੁਣ ਲੈ ਕੇ ਹਟਣਾ
ਪੜਕੇ ਲਕੀਰਾਂ ਕਰਦੇ ਸਾਫ
ਜਿੰਦਗੀ ਬੁਤ ਘਾੜੇ ਵਾਗ ਤਰਾਸ
ਵਜਨੀ ਗੱਲ ਕਰੀ ਧਾਲੀਵਾਲਾ
ਆਮ ਜਿਹੀ ਜੂਨ ਹੰਢਾਲਾ
ਕਿਰਤੀ ਲਈ ਲਿਖ ਕੁਝ ਖਾਸ
ਜਿਵੇਂ ਲਿਖਦਾ ਹੁੰਦਾ ਸੀ "ਪਾਸ਼

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ.**
**ਮੋ 78374 90309**

## ਕੌਮੀ ਝੰਡਾ

ਸਭ ਤੋਂ ਸੋਹਣਾ ਹੈ ਤਿਰੰਗਾਂ ਮੇਰੇ
ਦੇਸ਼ ਦਾ,
ਇਸ ਦੀ ਉੱਚੀ ਸਾਰੀ ਦੁਨੀਆਂ
ਚੋਂ ਸ਼ਾਨ ਹੈ।
ਸ਼ਾਂਤੀ, ਖੁਸ਼ਹਾਲੀ, ਵੀਰਤਾ ਦਾ
ਰੰਗ ਵਿੱਚ ,
ਹਰ ਥਾਂ ਤੇ ਫ਼ਤਹਿ ਕਰਦਾ
ਮੈਦਾਨ ਹੈ।
ਇੱਕ ਅਸ਼ੋਕ ਚੱਕਰ ਚੌਵੀ ਵਿੱਚ
ਤੀਲੀਆਂ,
ਦਿਨ ਰਾਤ ਝੂਲੇ ਵਿੱਚ ਅੱਧ
ਅਸਮਾਨ ਹੈ।
ਏਕਤਾ, ਇਤਫਾਕ, ਸਾਂਝੀਵਾਲਤਾ
ਦਾ ਪ੍ਰਤੀਕ ਝੰਡਾ,
ਜਵਾਨਾਂ ਤੇ ਕਿਸਾਨਾਂ ਦੀ ਕਰਦਾ
ਕਮਾਨ ਹੈ।
ਹਰਪ੍ਰੀਤ ਪੱਤੋ, ਇਸ ਤੋਂ ਵਾਰ
ਦੇਈਏ ਜਿੰਦ ਅਸੀਂ,
ਸਭ ਤੋਂ ਪਿਆਰਾ ਸਾਡਾ ਕੌਮੀ
ਨਿਸ਼ਾਨ ਹੈ।
ਜੈ ਮਾਂ ਭਾਰਤ, ਜੈ ਹਿੰਦੋਸਤਾਨ
ਹੈ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਸਤਾ ਦੇ ਨਸ਼ੇ ਵਿੱਚ ਬਣਕੇ ਰੱਬ ਬੈਠੇ

ਸਿੱਖੀ ਸਿਧਾਂਤਾਂ ਨੂੰ ਪੈਰੀਂ ਰੋਲਣ ਵਾਲੇ,
ਜੋ ਸਮਝਦੇ ਸੀ @ਗੁਰੂ@ ਨੂੰ ਟਿੱਚ ਲੋਕੋ।
ਸਤਾ ਦੇ ਨਸ਼ੇ ਵਿੱਚ ਬਣਕੇ @ਰੱਬ@ ਬੈਠੇ,
ਚਲਾਕੀਆਂ ਖੇਡਦੇ ਰਹਿੰਦੇ ਸੀ ਨਿੱਤ ਲੋਕੋ।
ਹੁਣ ਚਲਾਕੀਆਂ ਨੰਗੀਆਂ ਹੋਣ ਲੱਗੀਆਂ,
ਦੋਸ਼ੀ ਖੜ੍ਹੇ ਨੇ ਕਟਿਹਰੇ ਵਿੱਚ ਲੋਕੋ।
ਹੋ ਗ ?ਏ ਆਪਸ ਵਿੱਚ ਦੁਫਾੜ ਇਹ,
ਇਕ ਦੂਜੇ ਦੀ ਕਰਦੇ ਫਿਰਨ ਔਫ ਸਵਿੱਚ ਲੋਕੋ।
ਲੋਕ ਸਮਝ ਰਹੇ ਨੇ ਸਭ ਗੱਲਾਂ,
ਕੀ ਝੂਠ ਤੇ ਕੀ ਹੈ ਸੱਚ ਯਾਰੋ।
@ਅਕਾਲ ਤਖ਼ਤ@ ਦੀ ਸ਼ਾਨ ਰੋਲ ਦਿੱਤੀ,
ਜਿਸ ਤੋਂ ਕਰਵਾਉਂਦੇ ਫਿਰਦੇ ਬੱਚਤ ਯਾਰੋ।

**ਮੇਜਰ ਸਿੰਘ ਬੁਢਲਾਡਾ**
**94176 42327**

## ਪੋਸਤੀਆਂ ਦੀ ਪੁਕਾਰ

ਇੱਕਠੇ ਹੋ ਗਏ ਪੰਜ ਸੱਤ ਵੈਲੀ
ਆਖਣ ਆਪਾਂ ਵੀ ਕਰ ਲਈਏ ਰੈਲੀ
ਆਪਾਂ ਵੀ ਆਪਣੇ ਦਿਲ ਦੇ ਦੁਖੜੇ ,
ਲੋਕਾਂ ਨੂੰ ਸੁਣਾਂਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਨੂੰ ਵੋਟਾਂ ਪਾਵਾਂਗੇ
ਪੋਸਤ ਖਾ ਨਹੀਂ ਕੋਈ ਮਰਦਾ
ਉਲਟਾ ਕੰਮ ਚਹੁ ਜਣਿਆ ਦਾ ਕਰਦਾ
ਸਾਡਾ ਨਸ਼ੇ ਬਿਨਾਂ ਨਹੀਂ ਸਰਦਾ
ਅਸੀਂ ਤਾਂ ਤੁਹਾਨੂੰ ਸੱਚ ਸੁਣਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ।.......
ਬਲੈਕੀਏ ਚਿੱਟਾ ਵੇਚ ਕੇ ਮੌਜਾਂ ਕਰਦੇ
ਗਭਰੂ ਟੀਕੇ ਲਾ ਲਾਕੇ ਪਏ ਮਰਦੇ
ਹੁਣ ਦੁਖੀ ਹੋ ਗਏ ਸਾਡੇ ਘਰਦੇ
ਅਕਸਰ ਅਸੀਂ ਹਾਂ ਪੁੱਤਰ ਮਾਵਾਂ ਦੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ
ਨਸ਼ੇ ਰਿਵਾਇਤੀ ਅਫ਼ੀਮ ਤੇ ਡੋਡੇ
ਖਾ ਕੇ ਦੁਖਣ ਨਾ ਗੋਡੇ ਤੇ ਮੋਢੇ
ਅਸੀਂ ਹੱਥ ਜੋੜਦੇ ਮੂਹਰੇ ਥੋਡੇ
ਅਧਰੰਗ ਦੇਦੌਰਿਆਂ ਤੋਂ ਬਚ ਜਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ
ਚਿੱਟੇ ਨੇ ਅੰਦਰੋਂ ਕਰਤੇ ਕਾਲੇ
ਲੱਗ ਗਏ ਕਈਆਂ ਘਰਾਂ ਨੂੰ ਤਾਲੇ
ਰਹਿੰਦੇ ਪੁਲਸੀਆਂ ਨੇ ਢਾਹਲੈ
ਜਸਵਿੰਦਰਾਂ ਕਿਵੇਂ ਨਸਲਾਂ ਬਚਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਦੀ ਸਰਕਾਰ ਬਣਾਵਾਂਗੇ
ਜਿਹੜਾ ਬੀਜਣ ਦਿਉ ਡੋਡੇ
ਉਹਨੂੰ ਵੋਟਾਂ ਪਾਵਾਂਗੇ

**ਜਸਵਿੰਦਰ ਸਿੰਘ ਭੁਲੇਰੀਆ**

## ਇਸ਼ਕ ਦਾ ਰੰਗ

ਹਾਂ ਮੁਹੱਬਤ ਤੇ ਹੈ ਉਸ ਨੂੰ
ਬਸ ਕਹਿਣ ਤੋਂ ਸੰਗ ਜਾਂਦਾ ਹੈ।
ਦੂਰੋਂ ਦੂਰੋਂ ਨਜ਼ਰ ਸਾਡੇ ਤੇ
ਪਰ ਕੋਲ਼ੋਂ ਨੀਵੀਂ ਪਾ ਕੇ ਲੰਘ ਜਾਂਦਾ ਹੈ।
ਇਕ ਤੇ ਅਸੀਂ ਪਹਿਲੋਂ ਥੋੜ ਦਿਲੇ
ਉਪਰੋਂ ਹੱਸਕੇ ਜਿੰਦ ਨੂੰ ਸੂਲੀ ਟੰਗ ਜਾਂਦਾ ਹੈ ।
ਮੂੰਹੋਂ ਤੇ ਬੋਲ ਕੇ ਚੰਦਰਾ ਕੁਝ ਨਹੀਂ ਕਹਿੰਦਾ
ਉਂਝ ਗੱਲਾਂ ਗੱਲਾਂ ਵਿਚ ਦਿਲ ਮੰਗ ਜਾਂਦਾ ਹੈ।
ਨੀਵੀਂ ਜਿਹੀ ਪਾ ਕੇ , ਥੋੜ੍ਹਾ ਮੁਸਕਾ ਕੇ
ਮੇਰੀ ਖੰਘ ਦੇ ਵਿੱਚ ਝੂਠੀ ਮੂਠੀ ਖੰਘ ਜਾਂਦਾ ਹੈ।
ਉਹਦੀ ਇਕ-ਇਕ ਅਦਾ ਹੈ ਕਾਤਿਲ
ਉਪਰੋਂ ਕਹਿਰ ਹੁਸਨ ਸੀਨਾ ਡੰਗ ਜਾਂਦਾ ਹੈ।
ਜੇ ਕੋਈ ਤੈਨੂੰ ਦੇਖੇ ਤਾਂ ਪਤਾ ਲੱਗੇ
ਮਿਰਜ਼ਾ ਹਰ ਜਨਮ ਮਰਨ ਲਈ ਕਿਉਂ ਝੰਗ ਜਾਂਦਾ ਹੈ।
ਨਿੱਤ ਕਰਨੇ ਹਾਂ ਜੱਦੋ ਜਹਿਦ ਜਜ਼ਬਾਤਾਂ ਸੰਗ
ਜਿਵੇਂ ਕੋਈ ਯੋਧਾ ਜੰਗ ਜਾਂਦਾ ਹੈ।
ਜਦ ਤੱਕ ਜਾਗਾ ਪੈਂਦੇ ਰਹਿਣ ਭੁਲੇਖੇ
ਉਹ ਖ਼ਾਬਾਂ ਵਿਚ ਵੀ ਕਰਕੇ ਤੰਗ ਜਾਂਦਾ ਹੈ।
ਉਹਦਾ ਹੁਸਨ ਜਿਵੇਂ ਕੋਈ ਤਲਿਸਮੀ ਜਾਦੂ
ਜੋ ਵੀ ਦੇਖੇ , ਬਸ ਰਹਿ ਦੰਗ ਜਾਂਦਾ ਹੈ।
ਸਾਡੇ ਵਾਰੀ ਪਤਾ ਨਹੀਂ ਕੀ ਹੋ ਜਾਂਦੈ ਦੀਪ
ਸੁਣਿਆ ਲੋਕਾਂ ਨੂੰ ਮੁਹੱਬਤਾਂ ਦੇ ਦੱਸਕੇ ਢੰਗ ਜਾਂਦਾ ਹੈ।
ਉਸ ਤੇ ਹੋਰ ਕੋਈ ਫਿਰ ਰੰਗ ਨਹੀਂ ਚੜ੍ਹਦਾ
ਜਿਸ ਤੇ ਚੜ੍ਹ ਇਸ਼ਕ ਦਾ ਰੰਗ ਜਾਂਦਾ ਹੈ।
ਕਿੰਝ ਭੁੱਲ ਸਕਨੀ ਆ ਮੈਂ ਗੀਤ ਮੁਹੱਬਤਾਂ ਦਾ
ਉਹ ਪੁਰਾਣੀ ਟੁੱਟਣੋਂ ਪਹਿਲਾਂ ਨਵੀਂ ਫੜਾ ਵੰਗ ਜਾਂਦਾ ਹੈ।

**ਜ..ਦੀਪ ਸਿੰਘ ਦੀਪ**
**ਮੋਬਾ: 98760-04714**

## ਹੋਸ਼ੇ ਬੰਦਿਆਂ ਹੱਥ ਕਮਾਨ

ਦਾਣੇ ਕੁੱਕੜਾਂ ਸਾਹਮਣੇ ਰੱਖ ਦੇਈਏ,
ਫਿਰ ਭਾਲੀਏ ਨਾ ਘਰਾਸ ਮੀਆਂ।
ਬਿਨਾਂ ਲੱਜੋਂ ਵਗਾਹਿਆ ਡੋਲ ਖੂਹੇ ?,
ਫਿਰ ਬੁਝਣੀ ਕਿੱਥੋਂ ਪਿਆਸ ਮੀਆਂ।
ਬਿੱਲਾ ਦੁੱਧ ਦੀ ਰਾਖੀ ਬਿਠਾ ਦਿੱਤਾ ?,
ਕਿੱਥੋਂ ਰੱਖੀਏ ਮੱਖਣ ਦੀ ਆਸ ਮੀਆਂ।
ਬਾਂਦਰ ਹੱਥ ਕੁਲੂਚਾ ਆ ਜਾਵੇ ,
ਫੂਕ ਦੇਵੇ ਆਮ ਤੇ ਖਾਸ ਮੀਆ।
ਹੋਸ਼ੇ ਬੰਦਿਆਂ ਹੱਥ ਕਮਾਨ ਆ ਜੇ,
ਕੰਮ ਹੋ ਜਾਣ ਬੇ ਰਾਸ ਮੀਆਂ।
ਉਥੇ ਪਰਜਾ ਸੁੱਖੀ ਨਹੀਂ ਰਹਿ ਸਕਦੀ ?,
ਰਹਿਣ ਲੱਗਦੀ ਹੈ ਉਹ ਨਿਰਾਸ ਮੀਆਂ।
ਮੂਹਰੇ ਸ਼ੇਰ ਦੇ ਬੱਕਰੀ ਬੰਨ ਦਈਏ,
ਉਹਦੇ ਲੰਘਣਾ ਕਿਵੇਂ ਗਰਾਸ ਮੀਆਂ।
'ਹਰਪ੍ਰੀਤ ਪੱਤੋ' ਕੀ ਗੱਲ ਕਰੀਏ,
ਹੋ ਜਾਵੇ ਸਭ ਕੁਝ ਨਾਸ ਮੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658 21417**

## ਕਵਿਤਾ

ਪੱਤਝੜ ਦੀ ਰੁਤ ਤੋ ਬੇਰੰਗੇ ਬੇਰੁੱਖੀ ਚ ਲਿਪਟੇ
ਇੰਝ ਜੀਕਰ ਤੇਰੇ ਚ ਆਏ ਅਲੰਕਾਰ ਸੁਕਦੇ
ਜੇਠ ਹਾੜ ਦੀ ਧੁੱਪ ਅਟਕੀ ਮੱਥੇ ਤੇ ਤਿਉੜੀ
ਹੋਈ
ਨਾਰਾਜ ਬਹਾਰਾ ਚ ਪੀੜਾ ਦੇ ਲਮੇਰੇ ਆਕਾਰ
ਢੁਕਦੇ।
ਕਿ ਮੇਰੇ ਖਿਆਲਾ ਨੂੰ ਹੀ ਗ੍ਰਹਿਣ ਲਗਾ ਐ
ਅੱਧੇ ਚੰਨ ਦੇ ਵਰਗੀ ਦਾ ਦੂਜਾ ਪਾਸਾ ਨਹੀ
ਦਿਖਦਾ
ਖੁਸ਼ਬੋਆ ਪਰਖਣ ਚ ਨਾਕਾਬਲ ਮੂੰਢੋ ਹੀ ਆ
ਟਾਹਣੀਓ ਤੋੜਾ ਗੁਲਾਬ ਮੁਰਝਾਉਦਾ ਮਰਦਾ
ਹੀ ਦਿਖਦਾ
ਮੈ ਵੀ ਤਮਾਸ਼ਬੀਨ ਬਣ ਭੀੜ ਚ ਬੈਠਾ ਹੱਸਦਾ
ਕਾਫ਼ਰਾ ਦੇ ਸ਼ਹਿਰ ਸਹਿਜ਼ਾਦੀ ਦਾ ਗਮ ਨਾ
ਵਿਕਦਾ ਦਿਖਦਾ।
ਬੀਸਰ ਜਾਣੀਆ ਇਹਨਾਂ ਸ਼ਾਮਾ ਦੀ ਲਾਲੀ
ਨਾਲ ਜੋ ਲਾਈਆ
ਝੀਲ ਅੱਖਾ ਬੇਕਦਰਾ ਰਵਾਈਆ, ਕੁਝ ਪਾ ਜਾ
ਸੁਰਮ ਸਲਾਈਆ
ਮੈ ਅਬਰੋ ਨੀਲ ਕੱਢ ਜੋ ਕਜਲਾ ਤੇਰੇ ਲਈ
ਬਣਾਈਆ ।
ਸ਼ੀਸ਼ੇ ਮੋਹ ਤੇਰਾ ਕਰਦੇ, ਨਜ਼ਰ ਘੁੰਮਾ ਕਰ ਮੋਮ
ਪੱਥਰ ਢੇਰੀਆਂ
ਦੇ ਛੋਹ ਪੈਰਾ ਦੀ ਬਾਗਾਂ ਨੂੰ ਖਿੜਨ ਗੁਲਾਬ
,ਇਹ ਰੁਕਣ ਛੱਖੜ ਹਨੇਰੀਆ
ਤਿੱਤਲੀ ਬਣ ਰਿਸ਼ਮਾ ਨਾਲ ਖੇਡ ਪਲ ਕੁ ,
ਵਾਗ ਪਿਕਾਸੋ ਤਸਵੀਰਾ ਰੰਗਾ ਤੇਰੀਆ ।

**ਦੀਪ**

## ਸੋਹਣੇ ਬੱਚੇ

ਸੋਹਣੇ ਬੱਚੇ ਪਿਆਰੇ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ।
ਗੋਲ ਮਟੋਲ ਇਹ ਬੜੇ ਨਿਆਰੇ,
ਸਭ ਨੂੰ ਲੱਗਦੇ ਬੜੇ ਪਿਆਰੇ।
ਮਾਂਵਾਂ ਦੇ ਨੇ ਦਿਲ ਦੇ ਤਾਰੇ,
ਇੱਧਰ ਉੱਧਰ ਖੇਡਣ ਸਾਰੇ।
ਭਾਵੇਂ ਇਸ ਨੂੰ ਕਹਿੰਦੇ ਬੱਚੇ,
ਡੋਲਦੇ ਨਹੀਂ ਇਹ ਦਿਲ ਦੇ ਸੱਚੇ।
ਜਦੋਂ ਕਦੇ ਵੀ ਜਾਂਦੇ ਬਾਹਰ,
ਮਾਪਿਆਂ ਨਾਲ ਇਹ ਕਰਨ ਪਿਆਰ
ਰਲ ਮਿਲ ਕੇ ਖੇਡਣ ਸਾਰੇ,
ਸਭ ਲਿਖਦੇ ਇਹਨਾਂ ਬਾਰੇ।
ਛੋਟੇ ਹੁੰਦੇ ਇਹ ਬੋਲਦੇ ਕੱਚਾ,
ਸਭ ਕਹਿੰਦੇ ਸ਼ਰਾਰਤੀ ਬੱਚਾ।
ਕਿਸੇ ਨਾਲ ਉਹ ਜਦੋਂ ਵੀ ਲੜਦੇ,
ਮਾਪੇ ਉਸਦੇ ਨਾਲ ਹਨ ਖੜਦੇ।
ਜਦੋਂ ਕੋਈ ਇਹ ਸ਼ਰਾਰਤ ਕਰਦੇ,
ਭੱਜਣ ਇੰਝ ਜਿਵੇਂ ਘੋੜੇ ਭੱਜਦੇ।

**ਨਾਮ ਪਵਨ ਕੁਮਾਰ 9781660021**

## ਅਸੀਮ ਆਸਾਂ

ਤੋਪਾਂ ਗਰਜਦੀਆਂ ਹਨ, ਮਿਜ਼ਾਈਲਾਂ ਉੱਠਦੀਆਂ
ਹਨ,
ਅੱਖਾਂ ਹੈਰਾਨੀ ਨਾਲ ਅਸਮਾਨ ਵੱਲ ਚੁੱਕੀਆਂ
ਜਾਂਦੀਆਂ ਹਨ।
ਬੰਬ ਆਮ ਹਨ, ਧਮਾਕਿਆਂ ਦਾ ਰੁਟੀਨ,
ਸਾਇਰਨ ਚੀਕਦੇ ਹਨ, ਚੁੱਪ ਹੁਣ ਅਣਦੇਖੀ ਹੈ।
ਗਰੀਬਾ ਨੂੰ ਅਣਦੇਖਾ ਕੀਤਾ ਜਾ ਰਿਹਾ ਹੈ ,
ਮਨੁੱਖਤਾ ਮਰ ਰਹੀ ਹੈ,
ਝੂਠ ਦਾ ਸਹਾਰਾ ਲੈ ਦੇਸ਼ਾਂ ਦੇ ਦੇਸ਼ ਤਬਾਹ ਕੀਤੇ
ਜਾ ਰਹੇ ਹਨ।
ਵਿਸ਼ਵਵਿਆਪੀ ਨਿਰਾਸ਼ਾ ਫੈਲਾਈ ਜਾ ਰਹੀ ਹੈ,
ਸੱਚ ਅਤੇ ਸ਼ਾਂਤੀ ਬਹੁਤ ਪਿੱਛੇ ਰਹਿ ਗਈ ਹੈ।
ਬੱਚੇ ਭਟਕਦੇ ਹਨ, ਬੇਗੁਨਾਹਾਂ ਦੇ ਖ਼ੂਨ ਵਿਚ
ਲੱਥ-ਪੱਥ
ਜੀਵੰਤ ਗਲੀਆਂ ਹੁਣ ਦਰਦ ਨਾਲ ਗੂੰਜ
ਰਹੀਆਂ ਹਨ।
ਧੁੰਦਲੇ ਪਰਛਾਵਿਆਂ ਵਿੱਚੋਂ, ਇੱਕ ਰੋਸ਼ਨੀ
ਦਿਖਾਈ ਦਿੰਦੀ ਹੈ
ਪਰ ਫਿਰ ਤੋਂ ਇੱਕ ਚੰਗਿਆੜੀ ਭੜਕਦੀ ਹੈ,
ਡਰ ਨੂੰ ਪਿੱਛੇ ਧੱਕਦੀ ਹੈ।
ਸ਼ਾਂਤੀ ਦੀਆਂ ਫੁਸਫੁਸੀਆਂ ਵਿੱਚ, ਗਲੇ
ਲਗਾਉਣ ਦਾ ਸੱਦਾ ਹੈ,
ਇੱਕ ਟੁੱਟੀ ਹੋਈ ਜਗ ?ਹਾ ਦੇ ਜ਼ਖ਼ਮਾਂ ਨੂੰ ਭਰਨ
ਲਈ।
ਪਰ ਬਾਜ਼ਾਰਾਂ ਵਿਚ ਗੂੰਜਦੀਆਂ ਰੁੱਝਨਾਵਾਂ,
ਨਫਰਤ ਦੇ ਜੰਗਲਾਂ ਵਿਚ ਖੋਜਦੀਆਂ ਬੱਸਾਂ।
ਖ਼ੂਨ ਦਾ ਮੀਹ, ਨਗਰ ਸਲੇਟੀ ਰੰਗ ਵਿੱਚ,
ਸਾਰਿਆਂ ਦੀ ਚੁਪ, ਤੇ ਸ਼ੋਰ ਹੈ ਅਸਮਾਨ ਵਿਚ।
ਜਲਦਾ ਹੈ ਹਰ ਥਾਂ ਆਕਾਸ਼ ਦਾ ਭਰਮ,
ਅਗਾਊਂ ਟਹਿਲਦੇ ਸੁਪਨੇ ਕਰਾਹ ਰਹੀ ਜਿੰਦ ਹੈ।
ਦੁਨੀਆਂ ਤੇ ਭੂਤ ਭਟਕਣਗੇ, ਪਰ ਸ਼ਾਂਤੀ ਨਹੀਂ
ਮਰੇਗੀ ਫਿਰ ਵੀ
ਜ਼ਖ਼ਮ ਭਰ ਜਾਣਗੇ "ਫਲੋਰਾ" ਅਤੇ ਸੱਚ ਜਿੱਤ
ਜਾਏਗਾ।

**ਸੁਰਜੀਤ ਸਿੰਘ ਫਲੋਰਾ**

## ਸਾਡੇ ਮੈਡਮ

ਪਿਆਰੇ ਪਿਆਰੇ ਸਾਡੇ ਮੈਡਮ।
ਜੱਗ ਤੋਂ ਨਿਆਰੇ ਸਾਡੇ ਮੈਡਮ।
ਨਵੇਂ-ਨਵੇਂ ਸੂਟ ਸਵਾਉਂਦੇ ਨੇ।
ਕਦੇ ਜੁੱਤੀ ਕਦੇ ਹੀਲ ਪਾਉਂਦੇ ਨੇ।
ਵਰਨਮਾਲਾ ਪੜ੍ਹਾਉਂਦੇ ਸਾਨੂੰ,
ਸੁੰਦਰ ਲਿਖਾਈ ਲਿਖਾਉਂਦੇ ਸਾਨੂੰ।
ਰੋਣ ਤੇ ਚੁੱਪ ਕਰਾਉਂਦੇ ਨੇ।
ਹੱਥ ਫੜ ਕੰਮ ਕਰਾਉਂਦੇ ਨੇ।
ਚੰਗੀਆਂ ਚੰਗੀਆਂ ਗੱਲਾਂ ਦੱਸਣ।
ਭੈੜੀ ਸੰਗਤ ਤੋਂ ਦੂਰ ਹੀ ਰੱਖਣ।
ਵਿਸੇ ? ਦਾ ਗਿਆਨ ਵਧਾਉਂਦੇ ਨੇ।
ਦਿਲ ਸਾਡੇ ਨੂੰ ਭਾਉਂਦੇ ਨੇ।
ਜੋੜ,ਘਟਾਉ,ਗੁਣਾ,ਭਾਗ ਸਿਖਾਉਂਦੇ ਨੇ।
ਗਣਿਤ ਬਾਰੇ ਵੀ ਗਿਆਨ ਵਧਾਉਂਦੇ ਨੇ।
ਕਵਿਤਾ ਲਿਖਣੀ ਸਿਖਾਈ ਸਾਨੂੰ।
ਰਾਹ ਮੰਜ਼ਲ ਦੀ ਦਿਖਾਈ ਸਾਨੂੰ।
ਸਹੀ ਗਲਤ ਦਾ ਅਰਥ ਸਮਝਾਉਂਦੇ।
ਗੂੜ ਗਿਆਨ ਦੀਆਂ ਗੱਲਾ ਮਨ ਪਾਉਂਦੇ।
ਹੱਸਦੇ ਨਾਲੇ ਖ਼ੂਬ ਹਸਾਉਂਦੇ ਨੇ।
ਸਾਡੇ ਦਿਲ ਨੂੰ ਪਰਚਾਉਂਦੇ ਨੇ।

**ਰਾਮਇੰਦਰ ਕੌਰ**
**9781660021**

## ਪੌਦਿਆਂ ਦਾ ਗੀਤ

ਜਿਹੜੇ ਦਿੰਦੇ ਨੇ ਸਾਨੂੰ ਠੰਡੀਆਂ ਛਾਵਾਂ,
ਉਹ ਮੈਨੂੰ ਲੱਗਦੇ ਜਿਵੇਂ ਮਾਵਾਂ।
ਇਹਨਾਂ ਨੂੰ ਜਿਨ੍ਹਾਂ ਵੀ ਲਗਾਉਗੇ
ਉਹਨਾਂ ਹੀ ਸੁੱਖ ਪਾਉਗੇ।
ਇਹਨਾਂ ਨੂੰ ਜਿਨ੍ਹਾਂ ਵੀ ਵੱਢੀਏ,
ਉਹਨਾਂ ਹੀ ਦੁੱਖ ਪਾਈਏ,
ਆਉ ਰਲ਼ ਮਿਲ਼ ਰੁੱਖ ਲਗਾਈਏ।
ਸਾਡੇ ਮਨ ਨੂੰ ਭਾਉਂਦੇ ਰੁੱਖ,
ਗੀਤ ਖੁਸ਼ੀ ਦੇ ਗਾਉਂਦੇ ਰੁੱਖ।
ਦੁੱਖ ਹੋਵੇ ਚਾਹੇ ਸੁੱਖ,
ਇਹ ਨੇ ਸਾਡੇ ਦੋਸਤ ਮੁੱਖ।

**ਗੁਰਵੀਰ ਸਿੰਘ, ਜਮਾਤ ਛੇਵੀਂ (ਸੰਗਰੂਰ)**

## ਸ਼ਾਇਦ !ਕੁਝ ਲੋਕ

ਮੈਨੂੰ ਬਦਮਾਸ਼ ਸਮਝਦੇ ਹੋਣਗੇ
ਪਰ ਮੈਂ ਬਦਮਾਸ਼ ਨਹੀਂ
ਮੈਂ ਮੂੰਹ ਦਾ ਬੜਬੋਲਾ ਹਾਂ
ਬੋਲਦਾ ਹਾਂ
ਆਪਣੇ ਹੱਕਾਂ ਲਈ ਲੜਦਾ ਹਾਂ
ਹੱਕਾਂ ਲਈ ਲੜਨਾਂ ਕੋਈ ਗੁਨਾਂਹ
ਨਹੀਂ ਹੁੰਦਾ,
ਗ਼ਰੀਬ ਦੀ ਆਵਾਜ਼ ਨੂੰ ਦਬਾਉਣਾਂ
ਜਾਂ ਦਬਾ ਕੇ ਝੂਠ ਬੁਲਾਉਣਾਂ
ਗੁਨਾਂਹ ਹੈ
ਮੈਨੂੰ ਗੁੱਸਾ ਆ ਜਾਂਦਾ ਹੈ
ਉਸ ਇਨਸਾਨ 'ਤੇ
ਜਿਹੜਾ ਆਪਣੀਂ ਗ਼ਰਜ਼ ਪੂਰੀ
ਕਰਨ ਲਈ
ਧੋਖਾ ਕਰਦਾ ਹੈ ਝੂਠੇ ਵਾਅਦੇ
ਕਰਦਾ ਹੈ
ਤੇ ਬਾਅਦ ਵਿੱਚ ਪਛਾਣਨ ਤੋਂ ਵੀ
ਨਾਂਹ ਕਰ ਦਿੰਦਾ ਹੈ
ਗੁੱਸੇ ਵਿੱਚ ਮੈਂ ਆਪਣੇ ਹੱਥਾਂ ਦੀਆਂ
ਮੁੱਠੀਆਂ
ਕਸ ਕੇ ਘੁੱਟ ਲੈਂਦਾ ਹਾਂ
ਜੇਕਰ ਮੈਂ ਆਪਣੇ ਆਪ ਤੋਂ
ਬੇਵੱਸ(ਬਾਹਰ) ਹੋ ਜਾਵਾਂ ਤਾਂ
ਕਿਸੇ ਹਥਿਆਰ ਨੂੰ ਹੱਥ ਪਾਉਣਾ
ਮੇਰੀ ਮਜਬੂਰੀ ਬਣ ਜਾਂਦੀ ਹੈ,
ਸ਼ਾਇਦ ਇਸ ਕਰਕੇ ਮੈਂ ਸੋਚਦਾ
ਹਾਂ ਕਿ
ਕੁਝ ਲੋਕ ਮੈਨੂੰ ਬਦਮਾਸ਼ ਸਮਝਦੇ
ਹੋਣਗੇ।

**ਦਿਲਸ਼ਾਨ, ਮੋਬਾਈਲ -9914304172**

## ਕਾਵਿ ਵਿਅੰਗ ਬੰਗਲਾਦੇਸ਼ ਅੱਜ

ਤਖਤਾਂ ਪਲਟ ਹਸੀਨਾ ਨੇ ਦੇਸ਼
ਛੱਡਿਆ,
ਗੱਲ ਹੋ ਗਈ ਬਸੋਂ ਬਾਹਰ
ਬਾਬਾ।
ਸੁੱਟੀ ਚੰਗਿਆੜੀ ਕਿਸੇ ਦੇਸ਼
ਅੰਦਰ,
ਬੰਗਲਾ ਕਰਤਾ ਧੂੰਆਂ ਧਾਰ
ਬਾਬਾ।
ਹਲਾਤ ਪਹਿਲਾਂ ਹੀ ਕਮਜ਼ੋਰ
ਉੱਥੇ,
ਹੋ ਗਏ ਹੋਰ ਵੀ ਹੁਣ ਲਾਚਾਰ
ਬਾਬਾ।
ਇਧਰ ਦੇਸ਼ ਸਾਡੇ ਦੀ ਸਰਹੱਦ
ਲੱਗਦੀ,
ਡਰ ਲੱਗਦਾ ਪਊਗਾ ਭਾਰ
ਬਾਬਾ।
ਪਨਾਹ ਮੰਗਦੇ ਉੱਥੋਂ ਦੇ ਲੋਕ
ਇੱਥੇ,
ਇਧਰ ਆਉਣ ਨੂੰ ਬੈਠੇ ਤਿਆਰ
ਬਾਬਾ।
ਹਲਾਤ ਸਭ ਨੂੰ ਪਤਾ ਫਿਰ ਕੀ
ਹੋਣੇ,
ਅਬਾਦੀ ਭਾਰਤ ਦੀ ਬੇ ਸ਼ੁਮਾਰ
ਬਾਬਾ।
ਇੱਕ ਪਾਸੇ ਚੀਨ ਦੂਜੇ ਪਾਕ
ਲੱਗੇ,
ਦਿਸਦਾ ਕੋਈ ਨੀ ਮੱਦਦਗਾਰ
ਬਾਬਾ।
ਉਏ ਤਾਨਾਸ਼ਾਹੀ ਨੂੰ ਰੱਖ ਇੱਕ
ਪਾਸੇ,
ਸੁਣਨੀ ਚਾਹੀਦੀ ਦੀ ਲੋਕ ਪੁਕਾਰ
ਬਾਬਾ।
@ਪੱਤੋ@ ਜਿਨਾਂ ਦੀਆਂ ਵੋਟਾਂ ਨਾਲ ਸੀ
ਤਖ਼ਤ ਮਿਲਿਆ,
ਕਿਉਂ ਕਰਨੇ ਲੋਕ ਖੁਆਰ
ਬਾਬਾ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 348

Website: www.preetnama.com Email preetnamausa@gmail.com

03 APRIL TO 09 APRIL, 2026



